ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533







VOL-13 ISSUE 2496 15 June, 2026 Monday www.sanjhisoch.com ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ਼ ਦੁਨੀਆਂ +1 (209) 303-1260




# ਅਮਰੀਕਾ-ਈਰਾਨ ਟਕਰਾਅ ਦਾ ਅੰਤ ਟਰੰਪ ਵੱਲੋਂ ਸ਼ਾਂਤੀ ਸਮਝੌਤੇ ਦਾ ਐਲਾਨ

**ਵਾਸ਼ਿੰਗਟਨ ਸਾਂਝੀ ਸੋਚ ਬਿਊਰੋ**

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਦੇ ਇਸਲਾਮੀ ਗਣਰਾਜ ਨਾਲ ਸ਼ਾਂਤੀ ਸਮਝੌਤੇ ਦੇ ਸਿੱਟੇ ਦਾ ਐਲਾਨ ਕੀਤਾ ਹੈ। ਅਮਰੀਕਾ ਅਤੇ ਈਰਾਨ ਐਤਵਾਰ ਨੂੰ ਜੰਗਬੰਦੀ ਸਮਝੌਤੇ 'ਤੇ ਪਹੁੰਚੇ। ਅਮਰੀਕੀ ਰਾਸ਼ਟਰਪਤੀ ਟਰੰਪ ਨੇ ਸੋਸ਼ਲ ਮੀਡੀਆ 'ਤੇ ਐਲਾਨ ਕੀਤਾ ਕਿ ਈਰਾਨ ਨਾਲ ਸਮਝੌਤਾ ਅੰਤਿਮ ਰੂਪ ਦੇ ਦਿੱਤਾ ਗਿਆ ਹੈ। ਇਸ ਦੌਰਾਨ, ਈਰਾਨ ਨੇ ਇੱਕ ਬਿਆਨ ਜਾਰੀ ਕਰਕੇ ਪੁਸ਼ਟੀ ਕੀਤੀ ਕਿ, ਮਹੀਨਿਆਂ ਦੀ ਲੰਬੀ ਅਤੇ ਮੁਸ਼ਕਲ ਗੱਲਬਾਤ ਤੋਂ ਬਾਅਦ, ਦੋਵਾਂ ਦੇਸ਼ਾਂ ਨੇ ਇੱਕ ਸਮਝੌਤੇ ਨੂੰ ਅੰਤਿਮ ਰੂਪ ਦੇ ਦਿੱਤਾ ਹੈ। ਟਰੰਪ ਨੇ ਕਿਹਾ ਕਿ ਇਸ ਸਮਝੌਤੇ ਦੇ ਤਹਿਤ, ਹੋਰਮੁਜ਼ ਜਲਡਮਰੂ ਨੂੰ ਦੁਬਾਰਾ ਖੋਲ੍ਹਿਆ ਜਾਵੇਗਾ। ਉਨ੍ਹਾਂ ਨੇ ਈਰਾਨੀ ਬੰਦਰਗਾਹਾਂ 'ਤੇ



ਅਮਰੀਕੀ ਜਲ ਸੈਨਾ ਦੀ ਨਾਕਾਬੰਦੀ ਨੂੰ ਤੁਰੰਤ ਹਟਾਉਣ ਦਾ ਅਧਿਕਾਰ ਦਿੱਤਾ ਹੈ।

# ਅਮਰੀਕਾ-ਈਰਾਨ ਟਕਰਾਅ ਦੇ ਅੰਤ ਤੋਂ ਬਾਅਦ ਕੱਚੇ ਤੇਲ ਦੀਆਂ ਕੀਮਤਾਂ 'ਚ ਗਿਰਾਵਟ

**ਤਹਿਰਾਨ ਸਾਂਝੀ ਸੋਚ ਬਿਊਰੋ**

ਅਮਰੀਕਾ-ਈਰਾਨ ਟਕਰਾਅ ਦੇ ਸੰਬੰਧ ਵਿੱਚ ਇੱਕ ਵੱਡੀ ਖ਼ਬਰ ਸਾਹਮਣੇ ਆਈ ਹੈ, ਜੋ ਕਿ ਕਈ ਮਹੀਨਿਆਂ ਤੋਂ ਚੱਲ ਰਿਹਾ ਸੀ। ਦੋਵੇਂ ਦੇਸ਼ ਇੱਕ ਸ਼ਾਂਤੀ ਸਮਝੌਤੇ 'ਤੇ ਸਹਿਮਤ ਹੋਏ ਹਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਦੇ ਇਸਲਾਮੀ ਗਣਰਾਜ ਨਾਲ ਸ਼ਾਂਤੀ ਸਮਝੌਤੇ ਦੇ ਸਿੱਟੇ ਦਾ ਐਲਾਨ ਕੀਤਾ ਹੈ। ਇਸ ਐਲਾਨ ਤੋਂ ਬਾਅਦ, ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਵਿੱਚ 4 ਪ੍ਰਤੀਸ਼ਤ ਤੋਂ ਵੱਧ ਦੀ ਗਿਰਾਵਟ ਆਈ ਹੈ।

ਟਕਰਾਅ ਦੇ ਅੰਤ ਅਤੇ ਸ਼ਾਂਤੀ ਸਮਝੌਤੇ ਦੀ ਖ਼ਬਰ ਨੇ ਤੇਲ ਸਪਲਾਈ ਵਿੱਚ ਵਿਘਨ ਪੈਣ ਦੇ ਡਰ ਨੂੰ ਦੂਰ ਕਰ ਦਿੱਤਾ ਹੈ, ਜਿਸ ਕਾਰਨ ਵਿਸ਼ਵ ਤੇਲ ਬਾਜ਼ਾਰ ਵਿੱਚ ਕੀਮਤਾਂ ਵਿੱਚ ਇਹ ਮਹੱਤਵਪੂਰਨ ਕਮੀ ਆਈ ਹੈ। ਸੋਮਵਾਰ ਸਵੇਰੇ ਵਿਸ਼ਵ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਲਗਭਗ 4 ਪ੍ਰਤੀਸ਼ਤ ਦੀ



ਤੇਜ਼ੀ ਨਾਲ ਗਿਰਾਵਟ ਦੇਖੀ ਗਈ।

ਹਾਲਾਂਕਿ, ਭਾਰਤ ਵਿੱਚ ਸਰਕਾਰੀ ਤੇਲ ਕੰਪਨੀਆਂ ਨੇ ਅੱਜ, 15 ਜੂਨ ਨੂੰ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਨੂੰ ਕੋਈ ਬਦਲਾਅ ਨਹੀਂ ਕੀਤਾ ਹੈ।











Space availabe for Ad
Contact #
+1 (209) 303-1260

Space available for Ad
Contact # +1 (209) 303-1260
Contact # +91 81463-20009

Space availabe for Ad
Contact #
+1 (209) 303-1260






# JRP REALTY GROUP

A TRADITION OF REAL ESTATE EXCELLENCE

**SERVING CALIFORNIA FOR COMMERCIAL REAL ESTATE NEEDS**

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS





**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

# LENDINGASSETS
Elevating Your Mortgage Experience

## Home Loan ਘਰਾਂ ਦੇ ਲੋਨ

- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



**Apply online at www.lendingassets.com and check out the live lowest rates on our website**


OPEN
NOW HIRING
NAV INDIAN MERCHANDISE
GROCERY STORE
3230 MITCHELL ROAD, STE, C, CERES, CA 95307
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੋਸਰੀ ਦੀ।
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ
ਇੱਕ ਵਾਰ Visit ਜ਼ਰੂਰ ਕਰੋ।
Ria MONEY TRANSFER
INDIA ਪੈਸੇ ਭੇਜਣ ਲਈ
RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Contact Number
+1 (209) 537-5702

ਸਾਂਝੀ ਸੋਚ
SANJHI SOCH

www.sanjhisoch.com

**PATTRON**: HARJIT BASI

**MANAGEMENT**



**PRESIDENT & CHIEF EDITOR**
**BOOTA SINGH BASI**

**SUB EDITOR (CHICAGO, IL OFFICE)**
**LOVJYOT VIRDI**

**GENERAL MANAGER**
**RAVINDER SINGH DHILLON**

**RESIDENT EDITOR (INDIA)**
**DR. RAJINDER RIKHI**

**DISCLAIMER**

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

**SANJHI SOCH**

DAILY NEWSPAPER

2601 Oakdale Road,
Suite H2-167 Modesto,
CA 95355 USA

Cell: (209) 303-1260

Email: info@sanjhisoch.com

Visit at: www.sanjhisoch.com

# ਜਨਗਣਨਾ ਸੁਪਰਵਾਇਜਰ ਦੀ ਡਿਊਟੀ ਨਿਭਾਉਂਦਿਆਂ...



ਮਾਸਟਰ ਹਰਬਿੰਦਰ ਸਿੰਘ "ਮੁੱਲਾਂਪੁਰ"
ਮੰਡੀ ਮੁੱਲਾਂਪੁਰ (ਲੁਧਿਆਣਾ)
94646-01001

ਭਾਰਤ ਦੇਸ਼ ਦੀ ਜਨਗਣਨਾ ਦੇ ਅਹਿਮ ਕਾਰਜ ਵਿੱਚ ਸਰਕਾਰੀ ਕਰਮਚਾਰੀਆਂ ਦੀ ਮਹੱਤਤਾ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਜਦੋਂ ਕਰਮਚਾਰੀਆਂ ਦੀ ਗੱਲ ਆਉਂਦੀ ਹੈ ਤਾਂ ਸਭ ਤੋਂ ਪਹਿਲਾਂ ਅਧਿਆਪਕ ਵਰਗ ਅਜਿਹੇ ਸਾਹਸ ਭਰੇ ਕੰਮਾਂ ਨੂੰ ਕਰਨ ਵਾਸਤੇ ਅੱਗੇ ਹੁੰਦਾ ਹੈ।ਸ਼ਾਇਦ ਪ੍ਰਸ਼ਾਸਨ ਵੱਲੋਂ ਅਧਿਆਪਕਾਂ ਨੂੰ ਇਸ ਕੰਮ ਵਿੱਚ ਪਹਿਲ ਦੇ ਅਧਾਰ ਤੇ ਮਸ਼ਰੂਫ ਕੀਤਾ ਜਾਂਦਾ ਹੈ।

ਸਿੱਖਿਆ ਵਿਭਾਗ ਵਿੱਚ ਬਤੌਰ ਲੈਕਚਰਾਰ ਹੋਣ ਕਾਰਨ ਮੇਰੀ ਡਿਊਟੀ ਵੀ ਅਹੁਦੇ ਅਨੁਸਾਰ ਅੱਜ-ਕੱਲ੍ਹ ਚੱਲ ਰਹੀ ਮਰਦਮ ਸ਼ੁਮਾਰੀ ਵਿੱਚ ਸਰਕਲ ਸੁਪਰਵਾਈਜ਼ਰ ਮੇਰੇ ਡਿਊਟੀ ਸਥਾਨ ਤੋਂ ਦੂਰ ਦੁਰਾਡੇ ਲੱਗੀ ਤਾਂ ਮੈਨੂੰ ਦੋ ਪਿੰਡਾਂ ਦੇ ਸੱਤ ਐਚ .ਐਲ .ਬੀ ( ਹਾਊਸ ਲਿਸਟਿੰਗ ਬਲਾਕ) ਅਲਾਟ ਹੋਏ। ਜਿਨਾਂ ਵਾਸਤੇ ਸੱਤ ਗਿਣਤੀਕਾਰ ਜਾਂ ਇਨੂਮੀਰੇਟਰ ਮੇਰੇ ਨਾਲ ਟੀਮ ਵਰਕ ਵਜੋਂ ਨਿਯੁਕਤ ਕੀਤੇ ਗਏ ।ਪ੍ਰੰਤੂ ਇਹਨਾਂ ਵਿੱਚੋਂ ਲਗਭਗ ਪੰਜ ਕਰਮਚਾਰੀਆਂ ਨੇ ਆਪਣੀਆਂ ਕਿਸੇ ਨਾ ਕਿਸੇ ਕਾਰਣ ਦਾ ਹਵਾਲਾ ਦਿੰਦਿਆਂ ਡਿਊਟੀਆਂ ਕਟਵਾ ਲਈਆਂ।

ਸਭਤੋਂ ਪਹਿਲਾਂ ਟ੍ਰੇਨਿੰਗਾਂ ਦਾ ਦੌਰ ਸ਼ੁਰੂ ਹੋਇਆ ਜਿਸ ਵਿੱਚ ਬੜੇ ਹੀ ਯੋਗ,ਸੂਝਵਾਨ ਤੇ ਸੁਲਝੇ ਹੋਏ ਸਟੇਟ ਮਾਸਟਰ ਟ੍ਰੇਨਰ ਜਸਵੀਰ ਸਿੰਘ ਸੰਧੂ ਨੇ ਗਿਣਤੀਕਾਰਾਂ ਤੇ ਸੁਪਰਵਾਇਜਰਾਂ ਨੂੰ ਆਪਣੇ ਵਿਲੱਖਣ ਤੇ ਪੂਰਨ ਜਾਣਕਾਰੀ ਭਰਪੂਰ ਅੰਦਾਜ ਵਿੱਚ ਟ੍ਰੇਨਰਾਂ ਦੇ ਸ਼ੰਕੇ,ਸੁਆਲ ਹੱਲ ਕਰਦਿਆਂ ਟਰੇਨਿੰਗ ਦਿੱਤੀ।

ਬਤੌਰ ਸੁਪਰਵਾਈਜ਼ਰ ਮਿਤੀ ਬੱਧ ਕੰਮ(15 ਮਈ ਤੋਂ 14 ਜੂਨ ਤੱਕ) ਹੋਣ ਕਾਰਨ ਮੈਂ ਆਪਣੇ ਗਿਣਤੀਕਾਰ ਪੂਰੇ ਕਰਵਾਉਣ ਵਾਸਤੇ ਦਫਤਰ ਵਿੱਚ ਗੇੜੇ ਮਾਰਨ ਲੱਗਾ। ਜਿਹੜੇ ਵੀ ਅਧਿਆਪਕ ਜਾਂ ਕਰਮਚਾਰੀ ਨੂੰ ਨਿਯੁਕਤ ਕੀਤਾ ਜਾਂਦਾ ਜਾਂ ਤਾਂ ਉਹ ਹਾਜ਼ਰ ਨਾ ਹੁੰਦਾ ਜਾਂ ਫਿਰ ਡਿਊਟੀ ਕਟਵਾ ਜਾਂਦਾ ਜਾਂ ਫੋਨ ਹੀ ਨਾ ਚੁੱਕਦਾ।

ਮੈਂ ਆਪਣੇ ਸਰਕਲ ਦਾ ਕੰਮ ਸ਼ੁਰੂ ਹੋਣ ਤੋਂ ਪਹਿਲਾਂ ਹੀ ਨਿਰਾਸ਼ਤਾ ਦੇ ਆਲਮ ਵਿੱਚ ਘਿਰਨ ਲੱਗਾ।ਪਰ ਪ੍ਰਸ਼ਾਸਨ ਗਿਣਤੀਕਾਰ ਪੂਰੇ ਕਰਨ ਦੇ ਮਾਮਲੇ ਵਿੱਚ ਪੂਰਨ ਸੰਜੀਦਾ ਸੀ।

ਜਿਹੜੇ ਦੋ ਕਰਮਚਾਰੀ ਡਿਊਟੀ 'ਤੇ ਹਾਜ਼ਰ ਹੋ ਗਏ ਸਨ ਜਦੋਂ ਮੈਂ ਪਹਿਲੀ ਵਾਰ ਉਹਨਾਂ ਨੂੰ ਮਿਲਣ ਗਿਆ ਤਾਂ ਮੈਡਮ ਰਾਜਪਾਲ ਕੌਰ ਜੀ ਦੀ ਗੋਦੀ ਵਿੱਚ ਇੱਕ ਸਾਲ ਤੋਂ ਛੋਟੀ ਉਮਰ ਦੀ ਬੱਚੀ ਵੇਖੀ ਤਾਂ ਉਨਾਂ ਦੇ ਬੋਲਣ ਤੋਂ ਪਹਿਲਾਂ ਹੀ ਮੈਂ ਉਹਨਾਂ ਦੀ ਬੇਵੱਸੀ ਨੂੰ ਖੂਬ ਸਮਝ ਰਿਹਾ ਸੀ ਮੈਂ ਸੁਭਾਵਿਕ ਹੀ ਉਨਾਂ ਨੂੰ ਡਿਊਟੀ ਕਟਵਾਉਣ ਸਬੰਧੀ ਗੱਲ ਆਖੀ ਤਾਂ ਉਨਾਂ ਨੇ ਕਿਹਾ, "ਜੀ, ਅਸੀਂ ਆਮ ਅਧਿਆਪਕ ਹਾਂ ਤੇ ਆਮ ਆਦਮੀ ਦੀ ਕੋਈ ਪਹੁੰਚ ਨਹੀਂ ਹੁੰਦੀ" ਮੈਡਮ ਦੇ ਬੋਲੇ ਸ਼ਬਦ ਬਹੁਤ ਕੁਝ ਬਿਆਨ ਕਰ ਰਹੇ ਸਨ। ਉੰਨਾ ਦੇ ਸ਼ੋਹਰ ਬੱਗਾ ਸਿੰਘ ਜੋ ਆਪ ਵੀ ਬਰਨਾਲੇ ਜਿਲੇ ਵਿੱਚ ਅਧਿਆਪਕ ਹਨ ਤੇ ਖੁਦ ਗਿਣਤੀਕਾਰ ਦਾ ਕੰਮ ਆਪਣੇ ਹਲਕੇ ਵਿੱਚ ਕਰ ਰਹੇ ਹਨ ਨੇ ਭਰੋਸਾ ਦਿਵਾਇਆ ਕਿ ਉਹ ਰਲ ਮਿਲ ਕੇ ਇਸ ਮਿਸ਼ਨ ਨੂੰ ਵੀ ਸਰ ਕਰ ਲੈਣਗੇ।

ਦੂਜੇ ਪਿੰਡ ਵਿੱਚ ਮੈਡਮ ਸ਼ਿਲਪਾ ਜਿੰਦਲ ਨੇ ਮੈਨੂੰ ਫੋਨ ਰਾਹੀਂ ਆਪਣੀ ਡਿਊਟੀ ਪਤੀ ਦੀ ਸਹਾਇਤਾ ਲੈਕੇ ਹਨੇਰ ਸਵੇਰ ਨੂੰ ਬਾਖੂਬੀ ਨਿਭਾਉਣ ਸਬੰਧੀ ਜਾਣਕਾਰੀ ਦਿੱਤੀ ਤਾਂ ਮੈਂ ਵੀ ਹੌਸਲੇ ਵਿੱਚ ਹੋ ਗਿਆ।

ਜਦੋਂ ਹੋਰ ਅਧਿਆਪਕ ਮੇਰੇ ਸਰਕਲ ਵਿੱਚ ਲਗਾਏ ਗਏ ਤਾਂ ਉਹਨਾਂ ਵਿੱਚ ਮੈਡਮ ਸਰਬਜੀਤ ਕੌਰ ਜੋ ਆਪਣੇ ਪਿੱਤਰੀ ਸਟੇਸ਼ਨ ਪਿੰਡ ਥਰੀਕੇ ਤੋਂ ਨਿਯੁਕਤ ਕੀਤੇ ਸਨ ਤਾਂ ਉਹਨਾਂ ਨੇ ਆਪਣੇ ਸਕੂਲ ਮੁਖੀ ਹਰਦੇਵ ਸਿੰਘ ਮੁੱਲਾਂਪੁਰ ਤੇ ਹੋਰ ਸਾਥੀ ਅਧਿਆਪਕਾਂ ਨਾਲ ਰਲ ਕੇ ਆਪਣੀ ਐਚ. ਐਲ.ਬੀ ਵਿੱਚ ਇਮਾਰਤਾਂ ਨੂੰ ਨੰਬਰ ਲਗਾਉਣ ਦਾ ਕੰਮ ਵਿੱਢ ਦਿੱਤਾ ਤੇ ਸਾਰਾ ਡਾਟਾ ਇਕੱਤਰ ਕਰ ਕਰ ਲਿਆ ।

ਹੁਣ ਮੇਰੀ ਸੰਤੁਸ਼ਟੀ ਹੋਰ ਵਧਣ ਲੱਗੀ ਕਿਉਂ ਜੋ ਸੱਤ ਬਲਾਕਾਂ ਵਿੱਚੋਂ ਤਿੰਨ ਬਲਾਕਾਂ ਵਿੱਚ ਮਕਾਨਸੂਚੀਕਰਨ ਦਾ ਕੰਮ ਤਸੱਲੀਬਖ਼ਸ਼ ਹੋ ਰਿਹਾ ਸੀ। ਇੰਨ੍ਹਾਂ ਗਿਣਤੀਕਾਰਾਂ ਨੇ ਸਪੁਰਦ ਕੀਤੇ ਹਲਕਿਆਂ ਦੀਆਂ ਹੱਦਬੰਦੀਆਂ ਆਪਣੇ ਪੱਧਰ ਤੇ ਬਿਨ੍ਹਾਂ ਕਿਸੇ ਇਤਰਾਜ ਤੋਂ ਲੱਭੀਆਂ ਤੇ ਨਿਸ਼ਾਨ ਦੇਹੀ ਕਰਕੇ ਮੈਨੂੰ ਖੁਦ ਆਪਣੇ ਸੰਗ ਚੱਕਰ ਲਗਵਾਇਆ। ਕਿਓ ਜੋ ਇਹ ਇਲਾਕੇ ਮੇਰੀ ਰਿਹਾਇਸ਼ ਤੋਂ ਲਗਭਗ 35-40 ਕਿਲੋਮੀਟਰ ਦੂਰ ਪੈਂਦੇ ਸਨ। ਜਲੰਧਰ ਬਾਈਪਾਸ ਤੱਕ ਸੰਘਣੀ ਟ੍ਰੈਫਿਕ,ਲੁੱਟ ਪ੍ਰਭਾਵਿਤ ਖੇਤਰ ਤੇ ਅੰਤਾਂ ਦੀ ਗਰਮੀ ਤੋਂ ਇਲਾਵਾ ਸਕੂਲੀ ਡਾਕ ਦੇ ਰੁਝੇਵਿਆਂ ਤੋਂ ਮੇਰੇ ਗਿਣਤੀਕਾਰ ਭਲੀ ਭਾਂਤ ਜਾਣੂ ਸਨ।

ਮੈਂ ਆਪਣੇ ਸਰਕਲ ਦੇ ਰਹਿੰਦੇ ਗਿਣਤੀਕਾਰ ਪੂਰੇ ਕਰਵਾਉਣ ਵਾਸਤੇ ਉਚ ਅਧਿਕਾਰੀਆਂ ਖਾਸ ਕਰਕੇ ਸਾਡੇ ਚਾਰਜ ਅਫਸਰ ਤਹਿਸੀਲਦਾਰ ਸ੍ਰੀ ਹਰਿਮੰਦਰ ਸਿੰਘ ਨਾਲ ਸੰਪਰਕ ਬਣਾਇਆ। ਸਾਰੇ ਹੀ ਸਰਕਲਾਂ ਦੇ ਗਿਣਤੀਕਾਰ ਮੁਹਈਆ ਕਰਵਾਉਣ ਵਿੱਚ ਲੈਕਚਰਾਰ ਦਲਵਿੰਦਰ ਸਿੰਘ, ਲੈਕਚਰਾਰ ਪਰਮਜੀਤ ਸਿੰਘ ,ਮੈਡਮ ਜਸਬੀਰ ਕੌਰ ਨੇ ਸਾਰਥਕ ਯਤਨ ਕੀਤੇ।

ਇਸੇ ਦੌਰਾਨ ਮੈਨੂੰ ਦੂਜੇ ਗਿਣਤੀਕਾਰ ਵੀ ਮਿਲ ਗਏ ਜਿਨਾਂ ਵਿੱਚ ਸੁਰਿੰਦਰ ਕੁਮਾਰ, ਹਰਦੀਪ ਸਿੰਘ ਤੇ ਮੈਡਮ ਗੁਲਜਿੰਦਰ ਕੌਰ ਨੇ ਵੀ ਆਪਣੇ ਆਪਣੇ ਮੋਰਚੇ ਮੱਲ ਲਏ । ਸਿਰਫ ਇੱਕ ਗਿਣਤੀਕਾਰ ਘਟਦਾ ਸੀ ਤਾਂ ਅਚਾਨਕ ਸਾਡੇ ਸਕੂਲ ਵਿੱਚੋਂ ਹੀ ਵੋਕੇਸ਼ਨਲ ਲੈਕਚਰਾਰ ਵਿਕਾਸ ਸ਼ਰਮਾ ਦੀ ਡਿਊਟੀ ਬਤੌਰ ਗਿਣਤੀਕਾਰ ਲੱਗੀ ਤਾਂ ਉਹਨਾਂ ਨੇ ਡਿਊਟੀਆਂ ਲਗਾਉਣ ਵਾਲੇ ਅਧਿਕਾਰੀ ਨੂੰ ਪੁਰਜੋਰ ਸਿਫਾਰਿਸ਼ ਕੀਤੀ ਕਿ ਉਹਰਬਿੰਦਰ ਸਿੰਘ ਜੀ ਨਾਲ ਕੰਮ ਕਰਕੇ ਖੁਸ਼ੀ ਮਹਿਸੂਸ ਕਰਨਗੇ। ਮੈਨੂੰ ਵੀ ਵਿਕਾਸ ਸ਼ਰਮਾ ਵਰਗੇ ਮਿਹਨਤੀ, ਸ਼ਿੱਦਤੀ ਤੇ ਆਪਣੇ ਡਿਊਟੀ ਪ੍ਰਤੀ ਰੁਚੀ ਵਿਖਾਉਣ ਵਾਲੇ ਗਿਣਤੀਕਾਰ ਦੀ ਜਰੂਰਤ ਸੀ ।ਸੋ ਉਹਨਾਂ ਦੀ ਡਿਊਟੀ ਮੇਰੇ ਅਧੀਨ ਲੱਗੀ ਤਾਂ ਅਸੀਂ ਉਹਨਾਂ ਦੇ ਬਲਾਕ ਨੂੰ ਥੋੜੇ ਹੀ ਦਿਨਾਂ ਵਿੱਚ ਰਲ ਮਿਲ ਕੇ ਨਿਬੇੜ ਦਿੱਤਾ ।

ਸਾਰੇ ਗਿਣਤੀਕਾਰ ਮੈਨੂੰ ਰੋਜ਼ਾਨਾ ਡਾਟਾ ਸਿੰਕ ਕਰਕੇ ਭੇਜ ਦਿੰਦੇ ਤੇ ਡਾਟਾ ਅੱਗੇ ਸਿੰਕ ਕਰ ਦਿੰਦਾ ਇਸ ਤੋਂ ਇਲਾਵਾ ਉੱਚ ਅਧਿਕਾਰੀਆਂ ਦੀਆਂ ਹਦਾਇਤਾਂ ਤੋਂ ਵੀ ਗਿਣਤੀਕਾਰਾਂ ਨੂੰ ਜਾਣੂ ਕਰਵਾਉਂਦਾ। ਮੇਰੀ ਅਤੇ ਮੇਰੇ ਗਿਣਤੀਕਾਰਾਂ ਦੀ ਡਿਊਟੀ ਬੜੀ ਲੈਅਬੰਦੀ ਨਾਲ ਚੱਲ ਰਹੀ ਸੀ ਤਾਂ ਅਚਾਨਕ ਇੱਕ ਦਿਨ ਸ੍ਰੀ ਵਿਕਾਸ ਸ਼ਰਮਾ ਜੀ ਆਪਣੇ ਗਣਨਾ ਬਲਾਕ ਵਿੱਚੋਂ ਵਾਪਸ ਆ ਰਹੇ ਸਨ ਤਾਂ ਉਹ ਲੁਧਿਆਣਾ ਸ਼ਹਿਰ ਵਿੱਚ ਦੁਰਘਟਨਾਗ੍ਰਸਤ ਹੋ ਗਏ। ਜਿਸ ਕਾਰਨ ਉਹਨਾਂ ਦੀ ਖੱਬੀ ਲੱਤ ਦਾ ਗੋਡਾ ਟੁੱਟ ਗਿਆ।

ਹੁਣ ਕਿਉ ਜੋ ਸਾਡਾ ਜਨਗਣਨਾ ਦਾ ਕੰਮ ਸਿਖਰਲੇ ਪੜਾਅ ਵੱਲ ਤੇਜ਼ੀ ਨਾਲ ਅੱਗੇ ਵਧ ਰਿਹਾ ਸੀ ਤਾਂ ਮੈਨੂੰ ਆਪਣੇ ਗਿਣਤੀਕਾਰ ਨਾਲ ਵਾਪਰੇ ਹਾਦਸੇ ਦਾ ਅਸਹਿ ਦੁੱਖ ਲੱਗਿਆ। ਹੁਣ ਮੈਂ ਸੁਪਰਵਾਇਜਰ ਕਮ ਇਨੂਮੀਰੇਟਰ ਦਾ ਕਾਰਜ ਭਾਰ ਵੀ ਸੰਭਾਲ ਲਿਆ। ਭਾਵੇਂ ਕਿ ਪ੍ਰਸ਼ਾਸਨ ਨੇ ਉੰਨ੍ਹਾਂ ਦਾ ਬਦਲ ਦੇਣ ਦੀ ਗੱਲ ਮੇਰੇ ਨਾਲ ਕੀਤੀ ਸੀ। ਪਰ ਮੈਂ ਬਤੌਰ ਸੁਪਰਵਾਈਜ਼ਰ, ਸਕੂਲ ਵਿੱਚ ਸਟਾਫ ਮੈਂਬਰ ਤੇ ਸਭ ਤੋਂ ਉੱਪਰ ਇਨਸਾਨੀਅਤ ਦੇ ਨਾਤੇ ਨਹੀਂ ਸੀ ਚਾਹੁੰਦਾ ਕਿ ਹਾਦਸਾਗ੍ਰਸਤ ਗਿਣਤੀਕਾਰ ਨੂੰ ਮਿਲਣ ਵਾਲਾ ਮਿਹਨਤਾਨਾ ਜਾਂ ਉਹਨਾਂ ਦਾ ਕੀਤਾ ਹੋਇਆ ਕੰਮ ਕਿਸੇ ਹੋਰ ਗਿਣਤੀਕਾਰ ਦੇ ਲੇਖੇ ਵਿੱਚ ਜਾਵੇ ।ਵੈਸੇ ਵੀ ਨਵੇਂ ਗਿਣਤੀਕਾਰ ਨੂੰ ਸਾਰਾ ਕੁਝ ਸਮਝਾਉਣਾ ਤੇ ਕੰਮ ਨੂੰ ਅੰਤਲੇ ਪੜਾਅ ਤੇ ਨਵੇਂ ਸਿਰਿਓਂ ਸ਼ੁਰੂ ਕਰਨਾ ਮੇਰੇ ਵਾਸਤੇ ਹੋਰ ਚੁਣੌਤੀ ਭਰਪੂਰ ਹੋਣਾ ਸੀ।

ਗਿਣਤੀਕਾਰ ਵਿਕਾਸ ਸ਼ਰਮਾ ਜੀ ਨੇ ਹਸਪਤਾਲ ਵਿੱਚ ਦਾਖਲ ਹੋਣ ਦੇ ਬਾਵਜੂਦ ਡਿਜੀਟਲ ਐਪ ਰਾਹੀਂ ਬਾਕੀ ਰਹਿੰਦਾ ਸਾਰਾ ਡਾਟਾ ਮੈਨੂੰ ਬੇਰੋਕ ਮੁਹੱਈਆ ਕਰਵਾਇਆ। ਉਨਾਂ ਦੇ ਨਜ਼ਰੀ ਨਕਸ਼ੇ ਨੂੰ ਤਿਆਰ ਕਰਨ ਸਬੰਧੀ ਮੇਰੀ ਪਤਨੀ ਅਤੇ ਮੈਡਮ ਰਾਜਪਾਲ ਜੀ ਦੇ ਪਤੀ ਸ੍ਰੀ ਬੱਗਾ ਸਿੰਘ ਜੀ ਨੇ ਤਿੱਖੜ ਦੁਪਹਿਰ ਵਿੱਚ ਸਾਰਾ ਜਨ ਗਨਣਾ ਬਲਾਕ ਘੁੰਮਦਿਆਂ ਮੈਨੂੰ ਤਨੋ ਮਨੋ ਸਹਿਯੋਗ ਕੀਤਾ। ਹੁਣ ਸ਼ਰਮਾ ਜੀ ਦਾ ਸਾਰਾ ਕੰਮ ਮੁਕੰਮਲ ਹੋ ਚੁੱਕਾ ਸੀ।

ਮੇਰੇ ਸਰਕਲ ਦੇ ਗਿਣਤੀਕਾਰ ਜਿਨਾਂ ਨੇ ਬਾਕੀਆਂ ਨਾਲੋਂ ਪਛੜ ਕੇ ਡਿਊਟੀ ਜੁਆਇਨ ਕੀਤੀ ਉਹਨਾਂ ਵਿੱਚੋਂ ਹਰਦੀਪ ਸਿੰਘ ਤੇ ਸੁਰਿੰਦਰ ਕੁਮਾਰ ਨੇ ਆਪਣੀ ਮਿਹਨਤ , ਦ੍ਰਿੜਤਾ ਤੇ ਵੱਕਾਰ ਨਾਲ ਕੰਮ ਨੂੰ ਬੜੇ ਚਾਅ ਨਾਲ ਪੂਰਾ ਕੀਤਾ।

ਆਪਣੀ ਡਿਊਟੀ ਦੌਰਾਨ ਮੈਂ ਗਿਣਤੀਕਾਰਾਂ ਨੂੰ ਬਿਨਾਂ ਦੱਸੇ ਉਹਨਾਂ ਨੂੰ ਅਲਾਟ ਹੋਏ ਐਚ. ਐਲ. ਬੀ ਬਲਾਕਾਂ ਵਿੱਚ ਵਿਜਿਟ ਕਰਦਾ ਤਾਂ ਮੈਨੂੰ ਕੋਈ ਵੀ ਘਰ ਮਕਾਨ ਜਾਂ ਇਮਾਰਤ ਬਿਨਾਂ ਨੰਬਰ ਤੋਂ ਦਿਖਾਈ ਨਹੀਂ ਸੀ ਦਿੰਦੀ ਕਹਿਣ ਦਾ ਭਾਵ ਸਭਨਾ ਨੇ ਅੱਤ ਦੀ ਗਰਮੀ, ਲੂ ਤੇ ਝੱਖੜ ਹਨੇਰੀਆਂ ਨੂੰ ਨਜ਼ਰ ਅੰਦਾਜ਼ ਕਰਦਿਆਂ ਜਨ ਗਣਨਾ ਦੀ ਅਹਿਮ ਡਿਊਟੀ ਨੂੰ ਖਿੜੇ ਮੱਥੇ ਮਿਹਨਤ, ਲਗਨ ਜਜ਼ਬੇ ਤੇ ਰੁਚੀ ਨਾਲ ਨਿਭਾਇਆ। ਅੰਤ ਸਮੇਂ ਸਿਰ,ਯੋਗ ਢੰਗ ਨਾਲ ,ਸਾਫ-ਸੁਥਰਾ ਕੰਮ ਸੰਪੂਰਨ ਕਰਦਿਆਂ ਸਾਰੇ ਗਿਣਤੀਕਾਰਾਂ ਨੇ ਆਪਣਾ ਰਿਕਾਰਡ ਜਮ੍ਹਾਂ ਕਰਵਾਇਆ ਇੱਕ ਗਰੁੱਪ ਫੋਟੋ ਕੀਤੀ ਤੇ ਜਨ ਗਣਨਾ ਦੇ ਫਰਵਰੀ 2027 ਵਿੱਚ ਹੋਣ ਵਾਲੇ ਦੂਜੇ ਗੇੜ ਵੇਲੇ ਇਕੱਠੇ ਹੋਣ ਦੇ ਵਾਅਦੇ ਨਾਲ ਖੁਸ਼ੀ -ਖੁਸੀ ਵਿਦਾਇਗੀ ਲਈ।

ਸਮੁੱਚੇ ਰੂਪ ਵਿੱਚ ਮੇਰੀ ਗਿਣਤੀਕਾਰ ਟੀਮ ਦੀ ਸੇਵਾ,ਸਮਰਪਣ,ਸਹਿਯੋਗ ਤੇ ਡਿਊਟੀ ਨੂੰ ਖਿੜੇ ਮੱਥੇ ਨਿਭਾਉਣ ਦੀ ਭਾਵਨਾ ਨੇ ਕਦੇ ਵੀ ਮੈਨੂੰ ਮਾਨਸਿਕ ਜਾਂ ਸਰੀਰਕ ਰੂਪ ਵਿੱਚ ਨਿਰਾਸ਼ ਨਹੀਂ ਹੋਣ ਦਿੱਤਾ ਕਿ ਆਪਣੇ ਉੱਚ ਅਧਿਕਾਰੀਆਂ ਨਾਲ ਕੋਈ ਨਾਂਹ ਪੱਖੀ ਵਿਚਾਰ ਵਟਾਂਦਰਾ ਸਾਂਝਾ ਕਰਾਂ। ਮੈਨੂੰ ਕੋਈ ਅਧਿਆਪਕ ਸਾਥੀ, ਸੁਪਰਵਾਈਜ਼ਰ ਜਾਂ ਉੱਚ ਅਧਿਕਾਰੀ ਮੇਰੀ ਟੀਮ ਬਾਰੇ ਪੁੱਛਦਾ ਤਾਂ ਮੈਂ ਉਹਨਾਂ ਨੂੰ ਖੁਸ਼ੀ ਭਰੇ ਅੰਦਾਜ਼ ਵਿੱਚ ਇੱਕੋ ਗੱਲ ਕਹਿੰਦਾ ਹਾਂ " ਮਾਈ ਟੀਮ ਇਜ ਬੈਸਟ ਐਂਡ ਆਲ ਇਜ਼ ਵੈਲ"

**Information in Public Interest**

To listen to **Dr.Gurdip Singh Sandhu** health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Contact:(408) 687-1899, (925) 587-1148





## ਗੁਰਦੁਆਰਾ ਸਾਹਿਬ ਸੈਨ ਹੋਜ਼ੇ

# ਜੂਨ 2026 ਦੇ ਵਿਸ਼ੇਸ਼ ਧਾਰਮਿਕ ਸਮਾਗਮ

**JUNE 1984 ਦੇ ਸਮੂਹ ਸ਼ਹੀਦਾਂ ਦੀ ਯਾਦ 'ਚ ਕਰਵਾਇਆ ਜਾ ਰਿਹਾ ਵਿਸ਼ਾਲ ਗੁਰਮਿਤ ਸਮਾਗਮ**




ਜੂਨ 1984 ਦੇ ਸਮੂਹ ਸ਼ਹੀਦਾਂ ਦੀ ਯਾਦ 'ਚ
1 ਜੂਨ ਤੋਂ 7 ਜੂਨ 2026 ਵਿਸ਼ੇਸ਼ ਕਥਾ ਅਤੇ ਗੁਰਬਾਣੀ ਕੀਰਤਨ ਸਮਾਗਮ



ਸੰਤ ਬਾਬਾ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਜੀ ਦਾ ਜਨਮ ਦਿਹਾੜਾ 2 ਜੂਨ 2026




4th Annual Sikh Heritage Night
18 ਜੂਨ 2026 | ਸ਼ਾਮ 6:30 ਵਜੇ




ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ ਸ਼ਹਾਦਤ ਨੂੰ ਸਮਰਪਿਤ ਸੰਗਤ ਰੂਪੀ ਸੁਖਮਨੀ ਸਾਹਿਬ ਪਾਠ

16 ਜੂਨ ਤੋਂ 20 ਜੂਨ ਸ਼ਾਮ 7:30 ਤੋਂ 8:45 ਵਜੇ ਤੱਕ
ਸ਼ਹੀਦੀ ਕਾਨਫਰੰਸ 21 ਜੂਨ 2026 (ਐਤਵਾਰ)




28 ਜੂਨ ਨੂੰ ਭਾਈ ਸਾਹਿਬ
Dr. Alankar Singh ਜੀ ਵਲੋਂ
ਸਵੇਰੇ 11:20 ਤੋਂ ਦੁਪਹਿਰ 12:20 ਵਜੇ ਤੱਕ
ਗੁਰਬਾਣੀ ਕੀਰਤਨ ਕੀਤਾ ਜਾਵੇਗਾ।




ਲੜਕੇ ਅਤੇ ਲੜਕੀਆਂ ਲਈ
Basketball Camp 2026
27 ਮਈ ਤੋਂ 18 ਜੁਲਾਈ ਤੱਕ

**ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਿਆਹ ਪੁਰਬ ਨੂੰ ਸਮਰਪਿਤ**
**26 ਜੂਨ ਤੋਂ 28 ਜੂਨ 2026 ਸਾਲਾਨਾ ਜੋੜ ਮੇਲਾ**




Address : 3636 Gurdwara Ave, San Jose, CA, 95148 | www.sanjosegurdwara.com | (408) 274-9373

# ਕੈਲੀਫ਼ੋਰਨੀਆ ਦੇ ਸਟਰ ਜਿਲ੍ਹੇ ਦੇ ਬੋਰਡ ਆਫ਼ ਸੁਪਰਵਾਈਜ਼ਰਜ਼ ਵੱਲੋਂ ਐਡਵੋਕੇਟ ਧਾਮੀ ਸਮੇਤ ਸ਼੍ਰੋਮਣੀ ਕਮੇਟੀ ਵਫਦ ਦਾ ਵਿਸ਼ੇਸ਼ ਸਨਮਾਨ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਕੈਲੇਫ਼ੋਰਨੀਆ ਦੇ ਸਟਰ ਜਿਲ੍ਹੇ ਦੇ ਬੋਰਡ ਆਫ਼ ਸੁਪਰਵਾਈਜ਼ਰਜ਼ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਅਮਰੀਕਾ ਪੁੱਜੇ ਉਚ ਪੱਧਰੀ ਵਫ਼ਦ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਜਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਦਾ ਇਹ ਵਫ਼ਦ ਅਮਰੀਕਾ ਵਿਚ ਧਰਮ ਪ੍ਰਚਾਰ ਲਈ ਸਿੱਖ ਮਿਸ਼ਨ ਸਮੇਤ ਹੋਰ ਕਾਰਜਾਂ ਦੀ ਸਥਾਪਤੀ ਅਤੇ ਇਥੇ ਵਸਦੇ ਸਿੱਖ ਭਾਈਚਾਰੇ ਨਾਲ ਰਾਬਤੇ ਦੇ ਮਕਸਦ ਲਈ ਗਿਆ ਹੈ। ਸ਼੍ਰੋਮਣੀ ਕਮੇਟੀ ਵਫਦ ਵਿੱਚ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੋਂ ਇਲਾਵਾ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਓਐਸਡੀ ਸਤਬੀਰ ਸਿੰਘ, ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਸਾਮਲ ਹਨ। ਸ਼੍ਰੋਮਣੀ ਕਮੇਟੀ ਵਫਦ ਨੂੰ ਬੋਰਡ ਆਫ਼ ਸੁਪਰਵਾਈਜ਼ਰਜ਼ ਵੱਲੋਂ ਚੇਅਰਮੈਨ ਮਾਈਕ ਜ਼ੇਗਨਮਾਇਰ, ਜੈਫ਼ਰੀ ਕੇ. ਬੂਨ, ਡੈਨ ਫ਼ਲੋਰੇਸ, ਕਰਮ ਬੈਂਸ, ਜੈਫ਼ ਸਟੀਫ਼ਨਜ਼ ਵੱਲੋਂ ਸਨਮਾਨ ਪੱਤਰ ਦਿੱਤੇ ਗਏ। ਸੌਂਪੇ ਗਏ ਸਨਮਾਨ ਪੱਤਰ ਵਿੱਚ ਸ਼੍ਰੋਮਣੀ ਕਮੇਟੀ ਵਫ਼ਦ ਦਾ ਇਥੇ ਆਉਣ ਲਈ ਧੰਨਵਾਦ ਕਰਦਿਆਂ ਲਿਖਿਆ ਕਿ ਤੁਹਾਡੀ ਫੇਰੀ ਭਾਈਚਾਰਿਆਂ ਵਿਚਕਾਰ ਸਬੰਧਾਂ ਨੂੰ ਮਜ਼ਬੂਤ ਕਰਨ, ਆਉਣ ਵਾਲੀਆਂ ਪੀੜ੍ਹੀਆਂ ਲਈ ਸਹਿਯੋਗ, ਸਦਭਾਵਨਾ ਅਤੇ ਸਾਂਝੀ ਸਿੱਖਿਆ ਨੂੰ ਉਤਸ਼ਾਹਿਤ ਕਰਨ ਦੇ ਨਾਲ ਨਾਲ ਅਧਿਆਤਮਿਕ ਵਿਕਾਸ ਨੂੰ ਉਤਸ਼ਾਹਿਤ ਕਰਦਿਆਂ ਭਾਈਚਾਰਕ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਸਹਾਈ ਹੋਵੇਗੀ। ਇਸ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦਿੱਤੇ ਸਹਿਯੋਗ ਅਤੇ ਸਨਮਾਨ ਲਈ ਕੈਲੇਫੋਰਨੀਆ ਦੇ ਜਿਲ੍ਹਾ ਸਟਰ ਦੇ ਬੋਰਡ ਆਫ਼ ਸੁਪਰਵਾਈਜ਼ਰਜ਼ ਦੇ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ।



# ਕੇਂਦਰੀ ਮੰਤਰੀ ਜੀਤ ਰਾਮ ਮਾਂਜੀ ਤਰਫੋਂ ਮੁਹੰਮਦ ਕਮਾਲ ਪਰਵੇਜ਼ ਨੇ ਸੰਤਾਂ ਨਾਲ ਕੀਤੀ ਮਿਲਣੀ

ਮਹਿਤਾ
ਬਲਰਾਜ ਸਿੰਘ ਰਾਜਾ

ਕੇਂਦਰ ਵੱਲੋਂ ਇੱਕ 5 ਇੱਕ ਵਫਦ ਅੱਜ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਚੌਂਕ ਵਿਖੇ ਪਹੁੰਚਿਆਂ। ਜਿਥੇਂ ਵਫਦ 'ਚ ਸ਼ਾਮਲ ਐਨ.ਡੀ.ਏ. ਦੇ ਆਗੂਆਂ ਨੇ ਮੱਥਾ ਟੇਕਿਆਂ ਉਥੇਂ ਹੀ ਟਕਸਾਲ ਵਿਖੇ ਵੀ ਗੁਪਤ ਮੀਟਿੰਗ ਹੋਈ। ਪ੍ਰਾਪਤ ਵਸੀਲਿਆਂ ਤੋਂ ਜਾਣਕਾਰੀ ਅਨੁਸਾਰ ਹਿੰਦੋਸਤਾਨ ਆਵਾਮ ਮੋਰਚਾ ਦੇ ਕੇਂਦਰੀ ਲੀਡਰ ਅਤੇ ਕੇਂਦਰੀ ਮੰਤਰੀ ਸ਼੍ਰੀ ਜੀਤ ਰਾਮ ਮਾਂਜੀ ਵੱਲੋਂ ਭੇਜੇ ਵਫਦ ਨੇ ਅੱਜ ਦਮਦਮੀਂ ਟਕਸਾਲ ਜੱਥਾ ਭਿੰਡਰਾ ਦੇ ਮੁੱਖੀ ਗਿਆਨੀ ਹਰਨਾਮ ਸਿੰਘ ਖਾਲਸਾ ਨਾਲ ਮੁਲਾਕਾਤ ਕੀਤੀ।2 ਘੰਟੇਂ ਚੱਲੀ ਮੀਟਿੰਗ ਤੋਂ ਬਾਅਦ ਪ੍ਰੈਸ ਦੇ ਰੂ-ਬ-ਰੂ ਹੁੰਦਿਆਂ ਹਮ ਦੇ ਕੇਂਦਰੀ ਆਗੂ ਨੇ ਮੁਹੰਮਦ ਕਮਾਲ ਪਰਵੇਜ਼ ਨੇ ਦੱਸਿਆ ਕਿ ਘੱਟ ਗਿਣਤੀ ਲੋਕ ਭਲਾਈ ਸੰਸਥਾ ਦੇ ਪ੍ਰਧਾਨ ਸਤਨਾਮ ਸਿੰਘ ਗਿੱਲ ਨੇ ਅੱਜ ਇਥੇਂ ਸਾਡੀ ਮੀਟਿੰਗ ਦਾ ਪ੍ਰਬੰਧ ਕਰਵਾਇਆ ਹੈ। ਉਹਨਾ ਨੇ ਦੱਸਿਆ ਕਿ ਅਸੀਂ ਇਥੇ ਸਿੱਖ ਸਮਾਜ ਨੂੰ ਦਰਪੇਸ਼ ਚੁਣੌਤੀਆਂ ਅਤੇ ਕੇਂਦਰੀ ਦਖ਼ਲ ਨਾਲ ਉਹਨਾ ਦੇ ਕੀਤੇ ਜਾਣ ਵਾਲੇ ਹੱਲ ਨਾਲ ਸਬੰਧਿਤ ਮੁੱਦਿਆਂ ਤੇ ਡੂੰਘੀਆਂ ਵਿਚਾਂਰਾਂ ਕਰਨ ਲਈ ਦਮਦਮੀਂ ਟਕਸਾਲ ਚੌਂਕ ਮਹਿਤਾ ਜੱਥਾ ਭਿੰਡਰਾ ਦੇ ਮੌਜੂਦਾ ਮੁੱਖੀ ਸੰਤ ਮਹਾਪੁਰਖ ਗਿਆਨੀ ਹਰਨਾਮ ਸਿੰਘ ਖਾਲਸਾ ਨਾਲ ਸਹਿਚਾਰਕ ਤੌਰ 'ਤੇ ਮੁਲਾਕਾਤ ਕੀਤੀ ਹੈ।



ਐਨ.ਡੀ.ਏ 'ਚ ਭਾਈਵਾਲ ਧਿਰ 'ਹਮ' ਦੇ ਕੌਮੀਂ ਯੂਥ ਆਗੂ ਮੁਹੰਮਦ ਕਮਾਲ ਪਰਵੇਜ਼ ਨੇ ਅੱਜ ਇਥੇਂ ਉਚੇਚੇ ਤੌਰ 'ਤੇ ਇਹ ਖੁਲਾਸਾ ਕੀਤਾ ਹੈ ਕਿ ਕੇਂਦਰ ਦੀ ਨਰਿੰਦਰ ਮੋਦੀ ਦੇ ਕੈਬਨਿਟ 'ਚ ਜੀਤ ਰਾਮ ਮਾਂਜੀ ਨੇ ਮੈਨੂੰ ਪਹਿਲੀ ਵਾਰ ਪੰਜਾਬ ਭੇਜ ਕੇ ਇਥੋਂ ਦੀ ਸਥਿਤੀ ਪ੍ਰਸਥਿਤੀ ਦਾ ਜਾਇਜ਼ਾ ਲੈਣ ਅਤੇ ਕੇਂਦੀ ਯੋਜਨਾਵਾਂ ਨੂੰ ਲੈਕੇ ਪੰਜਾਬ 'ਚ ਸਟੇਟਸ ਦਾ ਪਤਾ ਕਰਨ ਲਈ ਪੰਜਾਬ ਭੇਜਿਆ ਹੈ। ਉਹਨਾ ਨੇ ਕਿਹਾ ਕਿ ਜੀਤ ਰਾਮ ਮਾਂਜੀ ਕੇਂਦਰੀ ਵਜ਼ੀਰ ਬਹੁਤਿ ਜਲਦ ਹੀ ਪੰਜਾਬ ਦੌਰੇ ਤੇ ਆ ਰਹੇ ਹਨ। ਉਹਨਾ ਨੇ ਇਹ ਜ਼ਿਕਰ ਜਰੂਰ ਕੀਤਾ ਹੈ ਕਿ ਉਹ ਪੰਜਾਬ 'ਚ ਹਿੰਦੋਸਤਾਨ ਆਵਾਮ ਮੋਰਚੇ ਦੀ ਸ਼ੁਰੂਆਤ ਮੌਕੇ ਗਿਆਨੀ ਹਰਨਾਮ ਸਿੰਘ ਖਾਲਸਾ ਪਾਸੋਂ ਆਸ਼ਿਰਵਾਦ ਅਤੇ ਸ਼ੁੱਭ ਕਾਮਨਾਵਾਂ ਪ੍ਰਾਪਤ ਕਰਨ ਪਹੁੰਚੇ ਹਾਂ,ਜਿਥੇਂ ਸਾਡਾ ਬਹੁਤ ਮਾਣ ਸਤਿਕਾਰ ਹੋਇਆ ਹੈ। ਦਮਦਮੀਂ ਟਕਸਾਲ ਚੌਂਕ ਮਹਿਤਾ ਜੱਥਾ ਭਿੰਡਰਾ ਦੇ ਮੌਜੂਦਾ ਮੁੱਖੀ ਸੰਤ ਮਹਾਪੁਰਖ ਗਿਆਨੀ ਹਰਨਾਮ ਸਿੰਘ ਖਾਲਸਾ ਨੇ ਕਿਹਾ ਕਿ ਗੁਰੂ ਘਰ ਅਤੇ ਟਕਸਾਲ 'ਚ ਕੋਈ ਵੀ ਮਹਿਮਾਨ ਕਿਸੇ ਵੇਲੇ ਵੀ ਆਕੇ ਗੁਰੂ ਘਰ ਤੋਂ ਬਖਸਿਸ਼ਾਂ ਪ੍ਰਾਪਤ ਕਰ ਸਕਦਾ ਹੈ। ਇਸ ਮੌਕੇ ਪ੍ਰਧਾਨ ਯੂਥ ਵਿੰਗ ਪੰਜਾਬ ਕੁਲਦੀਪ ਸਿੰਘ ਅਟਵਾਲ,ਲਵਜੀਤ ਸਿੰਘ, ਮਨਮੀਤ ਸਿੰਘ ਦਿੱਲੀ, ਅਕਾਸ਼ ਸਿੰਘ ਅਤੇ ਬਾਬਾ ਸੁਖਜੀਤ ਨਾਥ ਪੰਜਾਬ ਪ੍ਰਧਾਨ ਸੰਤ ਸਮਾਜ ਰਾਸ਼ਟਰੀ ਹਿੰਦੂ ਯੁਵਾ ਵਾਇਨੀ ਅਖਾੜਾ, ਹਰਸ਼ਦੀਪ ਸਿੰਘ ਰੰਧਾਵਾ ਚੇਅਰਮੈਨ ਦਸ਼ਮੇਸ਼ ਹੈਰੀਟੇਜ਼ ਵਿਦਿਅਕ ਸੰਸਥਾਂਵਾਂ, ਭਾਈ ਅਵਤਾਰ ਸਿੰਘ ਬੁੱਟਰ ਆਦਿ ਹਾਜਰ ਸਨ।

# ਰਾਜ ਸਭਾ ਲਈ ਨਿਰਵਿਰੋਧ ਚੁਣੇ ਗਏ ਤਰੁਣ ਚੁੱਘ ਨੂੰ ਕੇਂਦਰੀ ਮੰਤਰੀ ਮੰਡਲ ਵਿੱਚ ਸ਼ਾਮਲ ਕੀਤਾ ਜਾਵੇ: ਪ੍ਰੋ. ਸਰਚਾਂਦ ਸਿੰਘ ਖਿਆਲਾ

ਅੰਮ੍ਰਿਤਸਰ
ਧੈਰਿਆ ਮਹਿਰਾ

ਭਾਜਪਾ ਪੰਜਾਬ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮੱਧ ਪ੍ਰਦੇਸ਼ ਤੋਂ ਹਾਲ ਹੀ ਵਿੱਚ ਰਾਜ ਸਭਾ ਲਈ ਨਿਰਵਿਰੋਧ ਚੁਣੇ ਗਏ ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਨੂੰ ਕੇਂਦਰੀ ਮੰਤਰੀ ਮੰਡਲ ਵਿੱਚ ਸ਼ਾਮਲ ਕਰਨ ਦੀ ਅਪੀਲ ਕੀਤੀ ਹੈ । ਉਨ੍ਹਾਂ ਕਿਹਾ ਕਿ ਅਜਿਹਾ ਫ਼ੈਸਲਾ ਨਾ ਸਿਰਫ਼ ਚੁੱਘ ਦੀ ਲੰਬੀ ਸਿਆਸੀ ਸੇਵਾ, ਵਿਸ਼ਾਲ ਸੰਗਠਨਾਤਮਿਕ ਤਜਰਬੇ, ਜਨਤਕ ਜੀਵਨ ਪ੍ਰਤੀ ਵਚਨਬੱਧਤਾ ਅਤੇ ਰਾਸ਼ਟਰ ਨਿਰਮਾਣ ਪ੍ਰਤੀ ਸਮਰਪਣ ਨੂੰ ਯੋਗ ਮਾਨਤਾ ਦੇਵੇਗਾ, ਸਗੋਂ ਦੇਸ਼ ਅਤੇ ਸਮਾਜ ਦੇ ਵਡੇਰੇ ਹਿੱਤ ਵਿੱਚ ਉਨ੍ਹਾਂ ਦੀਆਂ ਬਹੁਪੱਖੀ ਯੋਗਤਾਵਾਂ ਦਾ ਲਾਹਾ ਲੈਣ ਦਾ ਮੌਕਾ ਵੀ ਪ੍ਰਦਾਨ ਕਰੇਗਾ। ਪ੍ਰੋ. ਖਿਆਲਾ ਨੇ ਕਿਹਾ ਕਿ ਪੰਜਾਬ ਨਾਲ ਡੂੰਘਾ ਰਾਜਨੀਤਿਕ ਅਤੇ ਸਮਾਜਿਕ ਸਰੋਕਾਰ ਰੱਖਣ ਵਾਲੇ ਤਰੁਣ ਚੁੱਘ ਉਨ੍ਹਾਂ ਆਗੂਆਂ ਵਿੱਚੋਂ ਹਨ ਜਿਨ੍ਹਾਂ ਨੇ ਇੱਕ ਸਧਾਰਨ ਪਾਰਟੀ ਕਾਰਕੁਨ ਵਜੋਂ ਆਪਣਾ ਸਿਆਸੀ ਸਫ਼ਰ ਸ਼ੁਰੂ ਕਰਕੇ ਭਾਜਪਾ ਦੇ ਕੌਮੀ ਲੀਡਰਸ਼ਿਪ ਵਿੱਚ ਮਹੱਤਵਪੂਰਨ ਸਥਾਨ ਹਾਸਲ ਕੀਤਾ ਹੈ। ਉਨ੍ਹਾਂ ਨੇ ਭਾਰਤੀ ਜਨਤਾ ਪਾਰਟੀ ਦੀ ਵਿਚਾਰਧਾਰਾ ਅਤੇ ਦ੍ਰਿਸ਼ਟੀਕੋਣ ਨੂੰ ਜਨ-ਜਨ ਤੱਕ ਪਹੁੰਚਾਉਣ ਲਈ ਅਣਥੱਕ ਮਿਹਨਤ ਕੀਤੀ ਹੈ। ਉਨ੍ਹਾਂ ਦੀ ਸੂਝ-ਬੂਝ, ਕਾਰਕੁਨਾਂ ਨਾਲ ਸਿੱਧਾ ਸੰਪਰਕ, ਸੰਗਠਨ ਪ੍ਰਤੀ ਅਟੁੱਟ ਵਚਨਬੱਧਤਾ ਅਤੇ ਨਤੀਜਾ-ਮੁਖੀ ਕਾਰਜਸ਼ੈਲੀ ਨੇ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਸ਼ਵਾਸਪਾਤਰ ਆਗੂਆਂ ਵਿੱਚ ਸ਼ਾਮਲ ਕੀਤਾ ਹੈ ਅਤੇ ਭਾਜਪਾ ਦੇ ਸਭ ਤੋਂ ਪ੍ਰਭਾਵਸ਼ਾਲੀ ਰਣਨੀਤੀਕਾਰਾਂ ਵਿੱਚੋਂ ਇੱਕ ਵਜੋਂ ਸਥਾਪਿਤ ਕੀਤਾ ਹੈ। ਪ੍ਰੋ. ਖਿਆਲਾ ਨੇ ਅੰਮ੍ਰਿਤਸਰ ਨਾਲ ਸਬੰਧਿਤ ਤਰੁਣ ਚੁੱਘ ਦੀ ਸਮਾਜਿਕ ਸਦਭਾਵਨਾ ਲਈ ਪਾਏ ਗਏ ਯੋਗਦਾਨ ਨੂੰ ਉਜਾਗਰ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਪੰਜਾਬ ਦੇ ਵੱਖ-ਵੱਖ ਸਮਾਜਿਕ ਅਤੇ ਧਾਰਮਿਕ ਵਰਗਾਂ, ਖ਼ਾਸ ਕਰਕੇ ਸਿੱਖ ਭਾਈਚਾਰੇ ਨਾਲ ਨਿਰੰਤਰ ਸੰਵਾਦ ਕਾਇਮ ਰੱਖਿਆ ਹੈ, ਜਿਸ ਨਾਲ ਆਪਸੀ ਵਿਸ਼ਵਾਸ ਅਤੇ ਸਹਿਯੋਗ ਨੂੰ ਹੁਲਾਰਾ ਮਿਲਿਆ ਹੈ। ਉਨ੍ਹਾਂ ਨੇ ਹਿੰਦੂ-ਸਿੱਖ ਏਕਤਾ, ਆਪਸੀ ਸਤਿਕਾਰ ਅਤੇ ਸਾਂਝ ਦੇ ਆਧਾਰਿਤ ਪੰਜਾਬ ਦੀ ਸਾਂਝੀ ਵਿਰਾਸਤ ਨੂੰ ਮਜ਼ਬੂਤ ਕਰਨ ਵਿੱਚ ਵੀ ਯੋਗਦਾਨ ਪਾਇਆ ਹੈ। ਸਮੇਂ-ਸਮੇਂ 'ਤੇ ਵੱਖ-ਵੱਖ ਭਾਈਚਾਰਿਆਂ ਦਰਮਿਆਨ ਸੰਵਾਦ ਨੂੰ ਉਤਸ਼ਾਹਿਤ ਕਰਕੇ ਸ੍ਰੀ ਚੁੱਘ ਨੇ ਸੂਬੇ ਵਿੱਚ ਭਾਈਚਾਰਕ ਸਦਭਾਵਨਾ ਅਤੇ ਸਮਾਜਿਕ ਏਕਤਾ ਨੂੰ ਮਜ਼ਬੂਤ ਕਰਨ ਲਈ ਸਾਰਥਕ ਯਤਨ ਕੀਤੇ ਹਨ।

ਇਸੇ ਲਈ ਉਹ ਪੰਜਾਬ ਦੀਆਂ ਸਮਾਜਿਕ, ਸਭਿਆਚਾਰਕ ਅਤੇ ਰਾਜਨੀਤਿਕ ਸੰਵੇਦਨਸ਼ੀਲਤਾ ਦੀ ਡੂੰਘੀ ਸਮਝ ਰੱਖਣ ਵਾਲੇ ਹਨ , ਉਹਨਾਂ ਨੇ ਸਰਹੱਦੀ ਸੂਬੇ ਦੇ ਲੋਕਾਂ ਦੀਆਂ ਚਿੰਤਾਵਾਂ ਅਤੇ ਉਮੀਦਾਂ ਨੂੰ ਲਗਾਤਾਰ ਉਜਾਗਰ ਕੀਤਾ ਅਤੇ ਸਰਹੱਦੀ ਜ਼ਿਲ੍ਹਿਆਂ ਦੇ ਵਿਕਾਸ, ਵਪਾਰਕ ਸੰਭਾਵਨਾਵਾਂ ਦੇ ਵਿਸਤਾਰ ਅਤੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਨਾਲ ਸੰਬੰਧਿਤ ਮੁੱਦਿਆਂ ਦੀ ਨਿਰੰਤਰ ਵਕਾਲਤ ਕੀਤੀ ਹੈ। ਪੰਜਾਬ ਵਰਗੇ ਰਣਨੀਤਿਕ ਤੌਰ 'ਤੇ ਮਹੱਤਵਪੂਰਨ ਸਰਹੱਦੀ ਸੂਬੇ ਨੂੰ ਕੇਂਦਰੀ ਮੰਤਰੀ ਮੰਡਲ ਵਿੱਚ ਪ੍ਰਭਾਵਸ਼ਾਲੀ ਨੁਮਾਇੰਦਗੀ ਮਿਲਣੀ ਚਾਹੀਦੀ ਹੈ ਅਤੇ ਤਰੁਣ ਚੁੱਘ ਅਜਿਹੀ ਜ਼ਿੰਮੇਵਾਰੀ ਲਈ ਇੱਕ ਯੋਗ, ਤਜਰਬੇਕਾਰ ਅਤੇ ਸਮਰੱਥ ਚਿਹਰਾ ਹਨ। ਜੰਮੂ-ਕਸ਼ਮੀਰ ਦੇ ਭਾਜਪਾ ਪ੍ਰਭਾਰੀ ਵਜੋਂ ਤਰੁਣ ਚੁੱਘ ਵੱਲੋਂ ਨਿਭਾਈ ਗਈ ਭੂਮਿਕਾ ਦਾ ਜ਼ਿਕਰ ਕਰਦਿਆਂ ਪ੍ਰੋ. ਖਿਆਲਾ ਨੇ ਕਿਹਾ ਕਿ ਉਨ੍ਹਾਂ ਨੇ ਦੇਸ਼ ਦੇ ਸਭ ਤੋਂ ਚੁਣੌਤੀਪੂਰਨ ਖੇਤਰਾਂ ਵਿੱਚੋਂ ਇੱਕ ਵਿੱਚ ਆਪਣੀਆਂ ਜ਼ਿੰਮੇਵਾਰੀਆਂ ਨੂੰ ਬੇਹੱਦ ਸੰਵੇਦਨਸ਼ੀਲਤਾ ਅਤੇ ਦ੍ਰਿੜ੍ਹਤਾ ਨਾਲ ਨਿਭਾਇਆ ਹੈ। ਸਮਾਜ ਦੇ ਵੱਖ-ਵੱਖ ਵਰਗਾਂ ਨਾਲ ਨਿਰੰਤਰ ਸੰਵਾਦ ਰਾਹੀਂ ਸ੍ਰੀ ਚੁੱਘ ਨੇ ਨਰਿੰਦਰ ਮੋਦੀ ਸਰਕਾਰ ਦੀਆਂ ਲੋਕ-ਭਲਾਈ ਪਹਿਲਕਦਮੀਆਂ ਅਤੇ ਵਿਕਾਸਮੁਖੀ ਦ੍ਰਿਸ਼ਟੀਕੋਣ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਸਰਗਰਮ ਭੂਮਿਕਾ ਨਿਭਾਅ ਕੇ ਜੰਮੂ-ਕਸ਼ਮੀਰ ਵਿੱਚ ਭਾਜਪਾ ਦੀ ਪਹੁੰਚ ਨੂੰ ਹੋਰ ਮਜ਼ਬੂਤ ਕੀਤਾ ਅਤੇ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਅਤੇ ਸ਼ਾਸਨ ਪ੍ਰਤੀ ਲੋਕਾਂ ਦੇ ਵਿਸ਼ਵਾਸ ਨੂੰ ਮਜ਼ਬੂਤ ਕਰਨ ਵਿੱਚ ਵੀ ਮਹੱਤਵਪੂਰਨ ਯੋਗਦਾਨ ਦਿੱਤਾ।

ਪ੍ਰੋ. ਖਿਆਲਾ ਨੇ ਕਿਹਾ ਕਿ ਪੰਜਾਬ ਅਤੇ ਜੰਮੂ-ਕਸ਼ਮੀਰ ਵਰਗੇ ਸੰਵੇਦਨਸ਼ੀਲ ਸਰਹੱਦੀ ਖੇਤਰਾਂ ਨਾਲ ਸ੍ਰੀ ਚੁੱਘ ਦੀ ਨੇੜਲੀ ਸਾਂਝ ਨੇ ਉਨ੍ਹਾਂ ਨੂੰ ਰਾਸ਼ਟਰੀ ਏਕਤਾ, ਅੰਦਰੂਨੀ ਸੁਰੱਖਿਆ ਅਤੇ ਸਰਹੱਦੀ ਪ੍ਰਬੰਧਨ ਨਾਲ ਜੁੜੇ ਮੁੱਦਿਆਂ ਦੀ ਵਿਹਾਰਕ ਅਤੇ ਡੂੰਘੀ ਸਮਝ ਪ੍ਰਦਾਨ ਕੀਤੀ ਹੈ। ਕੇਂਦਰੀ ਮੰਤਰੀ ਮੰਡਲ ਵਿੱਚ ਅਜਿਹੇ ਤਜਰਬੇਕਾਰ ਆਗੂ ਦੀ ਮੌਜੂਦਗੀ ਦੇਸ਼ ਦੇ ਰਣਨੀਤਿਕ ਹਿੱਤਾਂ ਨੂੰ ਹੋਰ ਮਜ਼ਬੂਤ ਕਰ ਸਕਦੀ ਹੈ। ਪ੍ਰੋ. ਖਿਆਲਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਜਪਾ ਨੇ ਵਿਕਾਸ, ਸੁਸ਼ਾਸਨ ਤੇ ਪਾਰਦਰਸ਼ਤਾ ਦੇ ਸਿਧਾਂਤਾਂ ਨੂੰ ਆਧਾਰ ਬਣਾ ਕੇ ਭਾਰਤੀ ਰਾਜਨੀਤੀ ਵਿੱਚ ਨਵੇਂ ਮਾਪਦੰਡ ਸਥਾਪਿਤ ਕੀਤੇ ਹਨ।

ਡਰਾਈਵਰ ਦੀ ਜ਼ਿੰਦਗੀ ਦੇ
2 ਸਭ ਤੋਂ ਵੱਡੇ ਦੁਸ਼ਮਣ ਕੌਣ?
ਕਾਗਜ਼ ਤੇ ਘਾਣ ਦਾ ਇਨਵੌਇਸ!



# ਇਨਵੌਇਸ ਬਣਾਓ ਆਸਾਨ, ਤੇ ਚਲੋ ਬੱਸ ਮਸਤਾਨ!

ਘੱਟ ਕਾਗਜ਼ੀ ਕੰਮ. ਹੋਰ ਕਿਲੋਮੀਟਰ. ਇਨਵੌਇਸ ਸਮਾਰਟ ਬਣਾਓ **Traki** ਨਾਲ.

INVOICE $

**ਕਾਗਜ਼ ਸੰਭਾਲੋ**
ਫੋਟੋ, PDF ਤੇ ਆਪਣੇ ਡੌਕੂਮੈਂਟ ਇਕੱਤਰ ਰੱਖੋ.

**ਇਨਵੌਇਸ ਬਣਾਓ**
AI ਮਦਦ ਨਾਲ ਆਟੋ ਫਿਲ ਅਤੇ ਪੇਸ਼ੇਵਰ ਇਨਵੌਇਸ ਤਿਆਰ.

**ਕਮਾਈ ਵਧਾਓ**
ਰਿਪੋਰਟ ਵੇਖੋ, ਕਮਾਈ ਟ੍ਰੈਕ ਕਰੋ, ਤੇ ਟਾਈਮ ਬਚਾਓ.

**ਅੱਜ ਹੀ ਸ਼ੁਰੂ ਕਰੋ!**

**3 ਦਿਨ ਦਾ ਮੁਫ਼ਤ TRIAL ਮਿਲੇਗਾ!**

ਟਰਾਈ ਕਰੋ, ਪਸੰਦ ਆਇਆ ਤਾਂ ਅੱਗੇ ਵਧੋ!

QR ਸਕੈਨ ਕਰੋ ਤੇ Traki ਡਾਊਨਲੋਡ ਕਰੋ ਹੁਣੇ!

**ਟਾਈਮ ਬਚਾਓ**
ਕਾਗਜ਼ੀ ਕੰਮ ਘੱਟ, ਡਰਾਈਵ ਵੱਧ.

**ਗਲਤੀ ਘੱਟ**
ਆਟੋਮੈਟਿਕ ਫਿਲ ਤੇ ਸਹੀ ਇਨਵੌਇਸ.

**ਆਫਲਾਈਨ ਕੰਮ**
ਇੰਟਰਨੈੱਟ ਬਿਨਾਂ ਵੀ ਸਭ ਕੁਝ ਚੱਲਦਾ.

**ਸਭ ਕੁਝ ਇੱਕ ਜਗ੍ਹਾ**
ਡੌਕੂਮੈਂਟ, ਇਨਵੌਇਸ ਤੇ ਰਿਪੋਰਟ – ਸਭ ਨਾਲ.

ਹੋਰ ਜਾਣਕਾਰੀ ਲਈ ਵੇਖੋ | TRAKIAPP.COM

TRAKI
ਡਰਾਈਵਰ ਦਾ ਅਸਲੀ ਯਾਰ.


SAN MARCO TEEYAN BAY POINT
PROUDLY PRESENTS ( NON PROFIT)
9TH ANNUAL WOMEN'S FESTIWAL
FETURING : GIDHA, DANCE, SKITS, SONGS, LIVE DJ AND MUCH MORE
San Marco Teeyan
ON SUNDAY JULY 12TH 2026
AMBROSE COMMUNITY CENTER 12 PM TO 6 PM
3105 WILLOW PASS RD , BAY POINT CA 94565
Host
PREETO SAWHNEY
JEWELRY AND
CLOTHING STALLS
RAFFLE DRAWING FOR GOLD ITEMS
AND MORE PRIZES
Free Entry
Free Parking
PHOTO & VIDEOGRAPHY BY
PAL FILMS
PRODUCTION
341 356 1517
GRAND SPONSOR
CHINNA JEWELERS
FOR MORE INFO & PARTICIPATION CALL
SONIA WALIA
925-565-6058
PARAMJIT NOKWAL
925-323-2523
HARPREET SUTTI
925-464-3414
FOOD BY
DOSA PLACE

ONLY WAY TO GROW YOUR BUSINESS FASTER

BNG
(Business Network Gateway)

We work for you to
Boost Your Business

VIDEO ADVERTISEMENTS
We make professional video advertisements for your business in Punjabi, Hindi & English

POSTERS DESIGN
We design flyers, Posters and Post Cards to promote your business

BUSINESS CARD DESIGN
WE DESIGN YOUR BUSINESS CARD

SOCIAL MEDIA HANDLERS
We can manage your Business social media handlers Facebook, instagram & YouTube

24/7 TECH SUPPORT
We provide 24/7 tech support

For more information call
Boota Singh Basi +1 (209) 303-1260

# ਮੈਕਸੀਕੋ ਵਿੱਚ ਆਇਆ ਭੂਚਾਲ

**ਮੈਕਸੀਕੋ**
**ਸਾਂਝੀ ਸੋਚ ਬਿਊਰੋ**




ਮੈਕਸੀਕੋ ਦੇ ਗੁਰੇਰੋ ਖੇਤਰ ਵਿੱਚ ਸ਼ਨੀਵਾਰ ਨੂੰ 5.2 ਤੀਬਰਤਾ ਦਾ ਭੂਚਾਲ ਆਇਆ, ਜਿਸ ਕਾਰਨ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ ਅਤੇ ਲੋਕ ਘਰਾਂ ਤੋਂ ਬਾਹਰ ਨਿਕਲ ਆਏ। ਜਰਮਨ ਰਿਸਰਚ ਸੈਂਟਰ ਫਾਰ ਜੀਓਸਾਇੰਸਿਜ਼ ਅਨੁਸਾਰ, ਭੂਚਾਲ ਦੀ ਤੀਬਰਤਾ ਰਿਕਟਰ ਸਕੇਲ ‘ਤੇ 5.2 ਮਾਪੀ ਗਈ। ਭੂਚਾਲ ਦਾ ਕੇਂਦਰ ਲਗਭਗ 10 ਕਿਲੋਮੀਟਰ ਦੀ ਡੂੰਘਾਈ ‘ਤੇ ਸਥਿਤ ਸੀ। ਮੁੱਢਲੀ ਜਾਣਕਾਰੀ ਮੁਤਾਬਕ, ਭੂਚਾਲ ਦਾ ਕੇਂਦਰ 17.37 ਡਿਗਰੀ ਉੱਤਰੀ ਅਕਸ਼ਾਂਸ਼ ਅਤੇ 99.28 ਡਿਗਰੀ ਪੱਛਮੀ ਦੇਸ਼ਾਂਤਰ ‘ਤੇ ਦਰਜ ਕੀਤਾ ਗਿਆ, ਜੋ ਘੁਏਰਰਏਰੋ ਖੇਤਰ ਵਿੱਚ ਪੈਂਦਾ ਹੈ।ਭੂਚਾਲ ਦੇ ਝਟਕੇ ਮਹਿਸੂਸ ਹੋਣ ਤੋਂ ਬਾਅਦ ਲੋਕ ਸੁਰੱਖਿਆ ਦੇ ਮੱਦੇਨਜ਼ਰ ਆਪਣੇ ਘਰਾਂ ਅਤੇ ਇਮਾਰਤਾਂ ਤੋਂ ਬਾਹਰ ਨਿਕਲ ਆਏ। ਹਾਲਾਂਕਿ, ਤਾਜ਼ਾ ਜਾਣਕਾਰੀ ਅਨੁਸਾਰ ਕਿਸੇ ਵੱਡੇ ਜਾਨੀ ਜਾਂ ਮਾਲੀ ਨੁਕਸਾਨ ਦੀ ਤੁਰੰਤ ਕੋਈ ਰਿਪੋਰਟ ਸਾਹਮਣੇ ਨਹੀਂ ਆਈ ਹੈ। ਸਥਾਨਕ ਪ੍ਰਸ਼ਾਸਨ ਅਤੇ ਆਫ਼ਤ ਪ੍ਰਬੰਧਨ ਏਜੰਸੀਆਂ ਸਥਿਤੀ ‘ਤੇ ਨਜ਼ਰ ਰੱਖ ਰਹੀਆਂ ਹਨ ਅਤੇ ਪ੍ਰਭਾਵਿਤ ਇਲਾਕਿਆਂ ਦਾ ਜਾਇਜ਼ਾ ਲਿਆ ਜਾ ਰਿਹਾ ਹੈ।

# ਲੰਡਨ ਵਿੱਚ ਭਾਰਤੀ ਮੂਲ ਦੇ 26 ਸਾਲਾ ਨੌਜਵਾਨ ਦਾ ਚਾਕੂ ਮਾਰ ਕੇ ਕਤਲ

**ਲੰਡਨ**
**ਸਾਂਝੀ ਸੋਚ ਬਿਊਰੋ**



ਬ੍ਰਿਟੇਨ ਦੀ ਰਾਜਧਾਨੀ ਲੰਡਨ ਵਿੱਚ ਇੱਕ 26 ਸਾਲਾ ਭਾਰਤੀ ਨੌਜਵਾਨ ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਹ ਘਟਨਾ ਪੱਛਮੀ ਲੰਡਨ ਦੇ ਸਾਊਥਾਲ ਵਿੱਚ ਵਾਪਰੀ। ਮ੍ਰਿਤਕ ਦੀ ਪਛਾਣ ਗੁਰਭੇਜ ਸਿੰਘ ਵੱਜੋਂ ਹੋਈ ਹੈ। ਮੈਟਰੋਪੋਲੀਟਨ ਪੁਲਿਸ ਦੇ ਅਨੁਸਾਰ, ਗੁਰਭੇਜ ਸਿੰਘ ਨੂੰ ਸ਼ਨੀਵਾਰ ਨੂੰ ਡੋਰਮਰਜ਼ ਵੈੱਲਜ਼ ਜੰਕਸ਼ਨ ‘ਤੇ ਕੁਝ ਲੋਕਾਂ ਨੇ ਚਾਕੂ ਮਾਰਿਆ ਸੀ ਅਤੇ ਉਸ ਦੇ ਨਾਲ ਹੀ ਉਸ ਦੇ ਇੱਕ ਸਾਥੀ ‘ਤੇ ਵੀ ਹਮਲਾ ਕੀਤਾ ਗਿਆ ਸੀ। ਹਾਲਾਂਕਿ, ਉਹ ਗੰਭੀਰ ਜ਼ਖਮੀ ਨਹੀਂ ਹੋਇਆ ਸੀ ਅਤੇ ਇਲਾਜ ਤੋਂ ਬਾਅਦ ਉਸਨੂੰ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ ਹੈ।ਪੁਲਿਸ ਅਨੁਸਾਰ, ਗੁਰਭੇਜ ਸਿੰਘ ‘ਤੇ ਰਾਤ 12:30 ਵਜੇ ਦੇ ਕਰੀਬ ਹਮਲਾ ਕੀਤਾ ਗਿਆ। ਸੂਚਨਾ ਮਿਲਣ ‘ਤੇ ਪੁਲਿਸ ਅਤੇ ਐਂਬੂਲੈਂਸ ਟੀਮਾਂ ਮੌਕੇ ‘ਤੇ ਪਹੁੰਚੀਆਂ, ਪਰ ਗੰਭੀਰ ਸੱਟਾਂ ਕਾਰਨ ਉਸਦੀ ਜਾਨ ਨਹੀਂ ਬਚਾਈ ਜਾ ਸਕੀ। ਪੁਲਿਸ ਨੇ ਕਤਲ ਦੇ ਸ਼ੱਕ ਵਿੱਚ 20 ਤੋਂ 30 ਸਾਲ ਦੀ ਉਮਰ ਦੇ ਸੱਤ ਲੋਕਾਂ ਨੂੰ ਮੌਕੇ ਤੋਂ ਹਿਰਾਸਤ ਵਿੱਚ ਲਿਆ ਸੀ। ਛੇ ਨੂੰ ਜਾਂਚ ਤੋਂ ਬਾਅਦ ਰਿਹਾਅ ਕਰ ਦਿੱਤਾ ਗਿਆ, ਜਦੋਂ ਕਿ ਇੱਕ ਵਿਅਕਤੀ ਨੂੰ ਜ਼ਮਾਨਤ ‘ਤੇ ਰਿਹਾਅ ਕਰ ਦਿੱਤਾ ਗਿਆ ਅਤੇ ਉਸ ਤੋਂ ਹੋਰ ਪੁੱਛਗਿੱਛ ਕੀਤੀ ਜਾਵੇਗੀ।ਪੁਲਿਸ ਨੇ ਦੱਸਿਆ ਕਿ ਗੁਰਭੇਜ ਸਿੰਘ ਦੇ ਪਰਿਵਾਰ ਦੀ ਸਹਾਇਤਾ ਕੀਤੀ ਜਾ ਰਹੀ ਹੈ ਅਤੇ ਹਮਲੇ ਦੇ ਪੂਰੇ ਕਾਰਨ ਦਾ ਪਤਾ ਲਗਾਉਣ ਲਈ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਨੇ ਕਿਹਾ ਕਿ ਅਸੀਂ ਕੋਈ ਵੀ ਸੀਸੀਟੀਵੀ ਫੁਟੇਜ ਲੱਭਣ ਦੀ ਕੋਸ਼ਿਸ਼ ਕਰ ਰਹੇ ਹਾਂ। ਉਨ੍ਹਾਂ ਨੇ ਅਪੀਲ ਕੀਤੀ ਕਿ ਜੇ ਕਿਸੇ ਦਾ ਨੇੜੇ ਦਾ ਸੀਸੀਟੀਵੀ ਕੰਮ ਕਰ ਰਿਹਾ ਹੈ, ਤਾਂ ਉਹ ਅੱਗੇ ਆ ਕੇ ਮਦਦ ਕਰ ਸਕਦਾ ਹੈ। ਪੁਲਿਸ ਨੇ ਕੁਝ ਵੀ ਦੇਖਣ ਵਾਲੇ ਲੋਕਾਂ ਨੂੰ ਅੱਗੇ ਆਉਣ ਅਤੇ ਜਾਂਚ ਵਿੱਚ ਸਹਾਇਤਾ ਕਰਨ ਦੀ ਅਪੀਲ ਵੀ ਕੀਤੀ ਹੈ।

# ਬੰਜੀ ਜੰਪ ਤੋਂ ਪਹਿਲਾਂ ਸੁਰੱਖਿਆ ਰੱਸੀ ਬੰਨ੍ਹਣਾ ਭੁੱਲੇ ਕਰਮਚਾਰੀ, 21 ਸਾਲਾ ਕੁੜੀ ਦੀ ਮੌਤ

**ਬ੍ਰਾਜ਼ੀਲ**
**ਸਾਂਝੀ ਸੋਚ ਬਿਊਰੋ**



ਬ੍ਰਾਜ਼ੀਲ ਵਿੱਚ ਇੱਕ ਦੁਖਦਾਈ ਘਟਨਾ ਵਾਪਰੀ ਹੈ, ਜਿਸ ‘ਚ 21 ਸਾਲਾ ਕੁੜੀ ਦੀ ਮੌਤ ਹੋ ਗਈ। ਮ੍ਰਿਤਕ ਕੁੜੀ ਦੀ ਪਛਾਣ 21 ਸਾਲਾ ਮਾਰੀਆ ਐਡੁਆਰਡਾ ਰੌਡਰਿਗਜ਼ ਡੀ ਫ੍ਰੀਟਾਸ ਵੱਜੋਂ ਹੋਈ ਹੈ, ਜਿਸ ਦੀ ਬੰਜੀ ਜੰਪ ਦੌਰਾਨ ਇੱਕ ਦੁਖਦਾਈ ਹਾਦਸੇ ਵਿੱਚ ਮੌਤ ਹੋ ਗਈ। ਦੋਸ਼ ਹੈ ਕਿ ਸਟਾਫ ਮੈਂਬਰਾਂ ਨੇ ਉਸਨੂੰ ਬਿਨਾਂ ਸੁਰੱਖਿਆ ਰੱਸੀ ਬੰਨ੍ਹੇ ਹੀ ਪੁਲ ਤੋਂ ਹੇਠਾਂ ਸੁੱਟ ਦਿੱਤਾ। ਇਸ ਘਟਨਾ ਦਾ ਇੱਕ ਵੀਡੀਓ ਸੋਸ਼ਲ ਮੀਡੀਆ ‘ਤੇ ਵਾਇਰਲ ਹੋ ਰਿਹਾ ਹੈ।ਬੰਜੀ ਜੰਪ ਦੌਰਾਨ ਮਾਰੀਆ ਲਗਭਗ 130 ਫੁੱਟ ਖੱਡ ਵਿੱਚ ਡਿੱਗ ਪਈ। ਬਚਾਅ ਟੀਮਾਂ ਮੌਕੇ ‘ਤੇ ਪਹੁੰਚੀਆਂ ਅਤੇ ਉਸਨੂੰ ਬਚਾਉਣ ਦੀ ਕੋਸ਼ਿਸ਼ ਕੀਤੀ, ਪਰ ਉਸਦੀ ਮੌਤ ਹੋ ਗਈ। ਪੁਲਿਸ ਨੇ ਇਸ ਘਟਨਾ ਦੇ ਸਬੰਧ ਵਿੱਚ ਛੇ ਲੋਕਾਂ ਨੂੰ ਹਿਰਾਸਤ ਵਿੱਚ ਲਿਆ ਹੈ। ਇਹ ਹਾਦਸਾ ਬ੍ਰਾਜ਼ੀਲ ਦੇ ਸਾਓ ਪੌਲੋ ਰਾਜ ਦੇ ਸਕੈਲਟਨ ਪੁਲ ‘ਤੇ ਵਾਪਰਿਆ। ਮੀਡੀਆ ਦੀਆਂ ਖਬਰਾਂ ਅਨੁਸਾਰ ਔਰਤ ਤੋਂ ਪਹਿਲਾਂ ਤਿੰਨ ਹੋਰ ਲੋਕ ਘਟਨਾ ਸਥਾਨ ਤੋਂ ਛਾਲ ਮਾਰ ਚੁੱਕੇ ਸਨ, ਜੋ ਸਾਰੇ ਸੁਰੱਖਿਅਤ ਹਨ। ਹਾਲਾਂਕਿ, ਜਦੋਂ ਮਾਰੀਆ ਦੀ ਵਾਰੀ ਆਈ, ਤਾਂ ਕਰਮਚਾਰੀ ਨੇ ਸੁਰੱਖਿਆ ਨਿਯਮਾਂ ਨੂੰ ਪੂਰੀ ਤਰ੍ਹਾਂ ਅਣਗੌਲਿਆ ਕਰ ਦਿੱਤਾ। ਉਹ ਇਹ ਜਾਂਚ ਕਰਨਾ ਭੁੱਲ ਗਏ ਕਿ ਔਰਤ ਨੂੰ ਛਾਲ ਮਾਰਨ ਜਾਂ ਉਸਨੂੰ ਹੇਠਾਂ ਧੱਕਣ ਦਾ ਸੰਕੇਤ ਦੇਣ ਤੋਂ ਪਹਿਲਾਂ ਉਸਦੀ ਸੁਰੱਖਿਆ ਰੱਸੀ ਸਹੀ ਢੰਗ ਨਾਲ ਬੰਨ੍ਹੀ ਹੋਈ ਹੈ ਜਾਂ ਨਹੀਂ।

# ਮੋਦੀ ਨੇ ਨੀਸ ਵਿੱਚ ਰਾਸ਼ਟਰਪਤੀ ਮੈਕਰੋਨ ਨਾਲ ਕੀਤੀ ਮੁਲਾਕਾਤ ‘ਭਾਰਤ ਇਨੋਵੇਟਸ’ ਪ੍ਰੋਗਰਾਮ ਦਾ ਕੀਤਾ ਉਦਘਾਟਨ

**ਪੈਰਿਸ**
**ਸਾਂਝੀ ਸੋਚ ਬਿਊਰੋ**



ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 6 ਦਿਨਾਂ ਦੇ ਫਰਾਂਸ-ਸਲੋਵਾਕੀਆ ਦੌਰੇ ‘ਤੇ ਹਨ। ਪੀਐਮ ਨੇ ਅੱਜ ਫਰਾਂਸ ਦੇ ਨੀਸ ਸ਼ਹਿਰ ਵਿੱਚ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨਾਲ ਮੁਲਾਕਾਤ ਕੀਤੀ। ਦੋਵਾਂ ਨੇ ‘ਭਾਰਤ ਇਨੋਵੇਟਸ’ ਪ੍ਰੋਗਰਾਮ ਦਾ ਉਦਘਾਟਨ ਕੀਤਾ।

ਪ੍ਰਧਾਨ ਮੰਤਰੀ ਮੋਦੀ ਨੇ ਪ੍ਰੋਗਰਾਮ ਵਿੱਚ ਕਿਹਾ ਕਿ ਦੁਨੀਆ ਵਿੱਚ ਕੁਝ ਦੇਸ਼ਾਂ ਦੇ ਰਿਸ਼ਤੇ ਅਜਿਹੇ ਹੁੰਦੇ ਹਨ ਜੋ ਇੱਕ ਸੋਚ ਅਤੇ ਵਿਜ਼ਨ ਨਾਲ ਅੱਗੇ ਵਧਦੇ ਹਨ। ਭਾਰਤ ਅਤੇ ਫਰਾਂਸ ਦਾ ਰਿਸ਼ਤਾ ਵੀ ਅਜਿਹਾ ਹੀ ਹੈ। ਦੋਵਾਂ ਦੇਸ਼ਾਂ ਦੇ ਸਬੰਧ ਸਿਰਫ਼ ਵਪਾਰ ਜਾਂ ਕੂਟਨੀਤੀ ਤੱਕ ਸੀਮਤ ਨਹੀਂ ਹਨ, ਸਗੋਂ ਸਾਂਝੇ ਕਦਰਾਂ-ਕੀਮਤਾਂ, ਭਰੋਸੇ ਅਤੇ ਭਵਿੱਖ ਲਈ ਇੱਕੋ ਜਿਹੀ ਸੋਚ ‘ਤੇ ਅਧਾਰਤ ਹਨ।ਇਸ ਮੌਕੇ ਫਰਾਂਸੀਸੀ ਰਾਸ਼ਟਰਪਤੀ ਮੈਕਰੋਨ ਨੇ ਕਿਹਾ, ਭਾਰਤ ਇਨੋਵੇਸ਼ਨ ਦਾ ਦੇਸ਼ ਹੈ। ਫਰਾਂਸ ਰੱਖਿਆ, ਤਕਨੀਕ ਅਤੇ ਕਈ ਹੋਰ ਖੇਤਰਾਂ ਵਿੱਚ ‘ਮੇਕ ਇਨ ਇੰਡੀਆ’ ਦਾ ਭਾਗੀਦਾਰ ਰਿਹਾ ਹੈ। ਅੀ ਅਤੇ ਜਲਵਾਯੂ ਪਰਿਵਰਤਨ ਵਰਗੇ ਮਹੱਤਵਪੂਰਨ ਖੇਤਰਾਂ ਵਿੱਚ ਭਾਰਤ ਅਤੇ ਫਰਾਂਸ ਵਿਚਕਾਰ ਸੱਚੀ ਰਣਨੀਤਕ ਭਾਈਵਾਲੀ ਹੈ।ਫਰਾਂਸੀਸੀ ਰਾਸ਼ਟਰਪਤੀ ਮੈਕਰੋਨ ਨੇ ਕਿਹਾ, ਕਿ “ਨਾਗਰਿਕ ਪਰਮਾਣੂ ਊਰਜਾ ਖੇਤਰ ਵਿੱਚ ਦੋਵਾਂ ਦੇਸ਼ਾਂ ਵਿਚਕਾਰ ਸਹਿਯੋਗ ਵਧਾਉਣ ਦੀਆਂ ਵੱਡੀਆਂ ਸੰਭਾਵਨਾਵਾਂ ਹਨ। ਸਮਾਲ ਮਾਡਿਊਲਰ ਰਿਐਕਟਰ ਵਰਗੀਆਂ ਨਵੀਆਂ ਪਰਮਾਣੂ ਤਕਨੀਕਾਂ ਵਿੱਚ ਵੀ ਭਾਰਤ ਅਤੇ ਫਰਾਂਸ ਮਿਲ ਕੇ ਕੰਮ ਕਰ ਸਕਦੇ ਹਨ।




ੴ
ਵਾਹਿਗੁਰੂ ਜੀ ਕਾ ਖ਼ਾਲਸਾ
ਵਾਹਿਗੁਰੂ ਜੀ ਕੀ ਫਤਿਹ
GURDWARA SAHIB
SIKH TEMPLE
ਸ਼ਹੀਦੋਂ ਕੀ ਚਿਤਾਓਂ ਪਰ ਲਗੇਂਗੇ ਹਰ ਵਰਸ਼ ਮੇਲੇ
ਗੁਰਦੁਆਰਾ ਸਾਹਿਬ ਮੁਡਿਸਟੋ ਸੀਰਜ਼ ਵਿਖੇ
ਸ਼ਹੀਦਾਂ ਦੇ ਸਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ
ਅਤੇ ਸ਼ਹੀਦ ਬਾਬਾ ਨਿਹਾਲ ਸਿੰਘ ਜੀ - ਸ਼ਹੀਦ ਬਾਬਾ ਹਰਨਾਮ ਸਿੰਘ ਜੀ ਤੱਲਣ ਸਾਹਿਬ ਜਲੰਧਰ ਦੀ ਯਾਦ ਵਿੱਚ ਸ਼ਹੀਦੀ ਦਿਵਸ
ਗੁਰਦੁਆਰਾ ਸਾਹਿਬ ਮੁਡਿਸਟੋ-ਸੀਰਜ ਵਿਖੇ ਤੱਲਣ ਦੀ ਸੰਗਤ ਅਤੇ ਇਲਾਕੇ ਦੀਆਂ ਸੰਗਤਾਂ ਵੱਲੋਂ ਦੋ ਸ੍ਰੀ ਅਖੰਡ ਪਾਠ ਸਾਹਿਬ ਬੜੀ ਹੀ ਸ਼ਰਧਾ ਭਾਵਨਾ ਨਾਲ ਕਰਵਾਏ ਜਾ ਰਹੇ ਹਨ।
ਅਖੰਡ ਪਾਠ ਸਾਹਿਬ ਦੀ ਅਰੰਭਤਾ ਹੋਵੇਗੀ
( 19 ਜੂਨ, 2026 ਸਵੇਰੇ 10:00 ਵਜੇ )
ਅਖੰਡ ਪਾਠ ਸਾਹਿਬ ਦੇ ਭੋਗ
( 21 ਜੂਨ, 2026 ਸਵੇਰੇ 10:00 ਵਜੇ )
ਕਥਾ ਅਤੇ ਕੀਰਤਨ ਸਮਾਗਮ
17 ਜੂਨ ਤੋਂ 20 ਜੂਨ, 2026 ਤੱਕ
ਸ਼ਾਮ 6:30 ਤੋਂ 8:30 ਵਜੇ ਤੱਕ ਹੋਏਗਾ
ਭਾਈ ਪ੍ਰਿਥੀਪਾਲ ਸਿੰਘ ਜੀ ਅਤੇ ਸਾਥੀ
ਮੁਡਿਸਟੋ-ਸੀਰਜ ਗੁਰਦਵਾਰਾ ਸਾਹਿਬ ਦੇ ਹਜ਼ੂਰੀ ਰਾਗੀ
(ਕਥਾ ਵਾਚਕ)
ਗਿਆਨੀ ਹਰਬੰਸ ਸਿੰਘ ਮੁਡਿਸਟੋ-ਸੀਰਜ
( ਕਵੀਸ਼ਰੀ ਜੱਥਾ )
ਸਰਬਜੀਤ ਸਿੰਘ ਸਾਜਨ ਅਤੇ ਸਾਥੀ
ਪੰਜ ਦਿਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ ਤੇ ਇਲਾਕਾ ਨਿਵਾਸੀਆਂ ਨੂੰ ਤੱਲਣ ਵਾਲੀ ਸੰਗਤ ਵੱਲੋਂ ਨਿਮਰਤਾ ਸਹਿਤ ਬੇਨਤੀ ਹੈ ਕਿ ਵੱਧ ਤੋਂ ਵੱਧ ਹਾਜ਼ਰੀਆਂ ਭਰੋ ਤੇ ਸਿੰਘਾਂ ਸ਼ਹੀਦਾਂ ਤੋਂ ਖੁਸ਼ੀਆਂ ਪ੍ਰਾਪਤ ਕਰੋ ਜੀ।
ਵਧੇਰੇ ਜਾਣਕਾਰੀ ਲਈ ਕਾਲ ਕਰੋ ---
ਪਰਮਜੀਤ ਸਿੰਘ : (209) 702 4649 | ਜਰਨੈਲ ਸਿੰਘ : (209) 872 3070 | ਅਸ਼ੋਕ ਵਰਮਾ : (209) 681 5171
ADDRESS: 5743 E Hatch Rd, Hughson, Ca 95326

# CAPITAL SERVICES

INSURANCE · VEHICLE REG. · IMMIGRATION · NOTARY PUBLIC · LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

**AUTO · HOME · TRUCK · BUSINESS · LIFE · MEDICAL**

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



**Office Ph.(916) 427-4321**

6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us




Capital DRUG TESTING

# CAPITAL DRUG TESTING

**Drug and Alcohol Test**

## DOT / NON DOT

PRE EMPLOYMENT - RANDOM
POST ACCIDENT - REASONABLE SUSPICION

Services: DOT Random Prog., FMCSA Clearinghouse, DOT Supervisor Training, SAP Classes Etc.

**Lab. Ph:(916) 680-9293**

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com




LIVE OAK PUNJABI HERITAGE ASSOCIATION
PRESENTS
MELA PUNJABANA DA
ਮੇਲਾ ਪੰਜਾਬਣਾਂ ਦਾ
DESIGN BY SUNNY KAMBOZ
GURLEJ AKHTAR
KULWINDER KALLY
SUNDAY, JUNE 28TH 2026
THE WALNUT HALL
1431 WALNUT AVE, YUBA CITY, CA 95993
TICKET PRICE
11:00AM TO 1:00PM - $10
2:00PM TO 6:00PM - $20
GIDHA, BHANGRA, FOLK SONGS, COMEDY, DELICIOUS FOOD, BOUTIQUES, MEHNDI, DESI KULFI AND MANY MORE.
TIME: 11AM TO 7PM
FOR MORE INFORMATION & SPONSORSHIP CONTACT
JASMINDER MATTU 530-301-9258
JAY PEGANY 530-218-9095

# ਡਾ. ਅੰਬੇਡਕਰ ਦੇ ਜੀਵਨ ਨਾਲ ਸੰਬੰਧਿਤ ਪੰਚ ਤੀਰਥ ਯਾਤਰਾ ਨੂੰ ਕੇਵਲ ਸਿੰਘ ਢਿੱਲੋਂ ਨੇ ਹਰੀ ਝੰਡੀ ਦਿਖਾ ਕੇ ਕੀਤਾ ਰਵਾਨਾ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਭਾਰਤੀ ਜਨਤਾ ਪਾਰਟੀ ਪੰਜਾਬ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਅੱਜ ਤਿੰਨ ਵੋਲਵੋ ਬੱਸਾਂ ਨੂੰ ਹਰੀ ਝੰਡੀ ਦਿਖਾ ਕੇ ਡਾ. ਭੀਮ ਰਾਓ ਅੰਬੇਡਕਰ ਜੀ ਨਾਲ ਸੰਬੰਧਿਤ ਪੰਚ ਤੀਰਥ ਸਥਾਨਾਂ ਦੀ ਯਾਤਰਾ ਲਈ ਰਵਾਨਾ ਕੀਤਾ। ਇਹ ਯਾਤਰਾ ਸ਼ਰਧਾਲੂਆਂ ਨੂੰ ਉਨ੍ਹਾਂ ਇਤਿਹਾਸਕ ਸਥਾਨਾਂ ਦੇ ਦਰਸ਼ਨ ਕਰਵਾਏਗੀ, ਜਿਨ੍ਹਾਂ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਵਿਕਸਿਤ ਅਤੇ ਸੰਵਾਰਿਆ ਗਿਆ ਹੈ। ਢਿੱਲੋਂ ਨੇ ਦੱਸਿਆ ਕਿ 14 ਜੂਨ ਤੋਂ 21 ਜੂਨ 2026 ਤੱਕ ਚੱਲਣ ਵਾਲੀ ਇਹ ਯਾਤਰਾ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਦੇ ਜੀਵਨ ਨਾਲ ਜੁੜੇ ਪੰਜ ਪ੍ਰਮੁੱਖ ਤੀਰਥ ਸਥਾਨਾਂ ਤੱਕ ਪਹੁੰਚੇਗੀ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਨੇ ਨਾ ਸਿਰਫ਼ ਇਨ੍ਹਾਂ ਤੀਰਥ ਸਥਾਨਾਂ ਨੂੰ ਹਜ਼ਾਰਾਂ ਕਰੋੜ ਰੁਪਏ ਦੀ ਲਾਗਤ ਨਾਲ ਵਿਕਸਿਤ ਕੀਤਾ ਹੈ, ਸਗੋਂ ਲੋਕਾਂ ਨੂੰ ਉਨ੍ਹਾਂ ਦੇ ਇਤਿਹਾਸਕ ਅਤੇ ਸਮਾਜਿਕ ਮਹੱਤਵ ਬਾਰੇ ਜਾਗਰੂਕ ਕਰਨ ਲਈ ਵੀ ਵਿਸ਼ੇਸ਼ ਉਪਰਾਲੇ ਕੀਤੇ ਹਨ। ਯਾਤਰਾ ਦੌਰਾਨ ਸ਼ਰਧਾਲੂ ਮਹੂ (ਜਨਮ ਭੂਮੀ), ਦੀਕਸ਼ਾਭੂਮੀ ਨਾਗਪੁਰ, ਚੈਤਿਆ ਭੂਮੀ ਮੁੰਬਈ, ਮਹਾਪਰਿਨਿਰਵਾਣ ਸਥਲ ਦਿੱਲੀ ਅਤੇ ਦਿੱਲੀ ਵਿਖੇ ਸਥਾਪਿਤ ਵਰਚੁਅਲ ਸਿੱਖਿਆ ਭੂਮੀ (ਲੰਡਨ) ਦੇ ਦਰਸ਼ਨ ਕਰਨਗੇ। ਇਹ ਸਾਰੇ ਸਥਾਨ ਡਾ. ਬੀ.ਆਰ. ਅੰਬੇਡਕਰ ਦੇ ਜੀਵਨ, ਸੰਘਰਸ਼ ਅਤੇ ਸਮਾਜਿਕ ਨਿਆਂ ਲਈ ਉਨ੍ਹਾਂ ਦੇ ਯੋਗਦਾਨ ਨਾਲ ਜੁੜੇ ਹੋਏ ਹਨ। ਭਾਰਤੀ ਜਨਤਾ ਪਾਰਟੀ ਦੀ ਸਰਕਾਰ ਵੱਲੋਂ ਇਨ੍ਹਾਂ ਸਮਾਰਕਾਂ ਦੇ ਵਿਕਾਸ ਅਤੇ ਸੰਭਾਲ ਲਈ ਲਗਭਗ 2,000 ਕਰੋੜ ਰੁਪਏ ਖਰਚ ਕੀਤੇ ਗਏ ਹਨ, ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਬਾਬਾ ਸਾਹਿਬ ਦੇ ਵਿਚਾਰਾਂ, ਆਦਰਸ਼ਾਂ ਅਤੇ ਯੋਗਦਾਨ ਤੋਂ ਪ੍ਰੇਰਣਾ ਪ੍ਰਾਪਤ ਕਰ ਸਕਣ। ਆਪਣੀ ਕਿਸਮ ਦੀ ਇਸ ਵਿਲੱਖਣ ਯਾਤਰਾ ਵਿੱਚ ਲਗਭਗ 150 ਸ਼ਰਧਾਲੂ ਭਾਗ ਲੈ ਰਹੇ ਹਨ। ਭਾਜਪਾ ਅਨੁਸੂਚਿਤ ਜਾਤੀ ਮੋਰਚਾ ਪੰਜਾਬ ਦੇ ਪ੍ਰਧਾਨ ਅਤੇ ਸਾਬਕਾ ਆਈਏਐਸ ਅਧਿਕਾਰੀ ਐੱਸ.ਆਰ. ਲੱਧੜ ਇਸ ਜਥੇ ਦੀ




ਅਗਵਾਈ ਕਰਨਗੇ। ਲੱਧੜ ਨੇ ਕਿਹਾ ਕਿ ਪੰਚ ਤੀਰਥ ਯਾਤਰਾ ਦਾ ਮੁੱਖ ਉਦੇਸ਼ ਸਮਾਜ ਦੇ ਹਰ ਵਰਗ ਤੱਕ ਬਾਬਾ ਸਾਹਿਬ ਡਾ. ਅੰਬੇਡਕਰ ਦਾ ਸੰਦੇਸ਼ ਪਹੁੰਚਾਉਣਾ ਅਤੇ ਉਨ੍ਹਾਂ ਪ੍ਰਤੀ ਰਾਸ਼ਟਰ ਦੀ ਕ੍ਰਿਤਜਤਾ ਦਾ ਪ੍ਰਗਟਾਵਾ ਕਰਨਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਪਹਿਲੀ ਵਾਰ ਬਾਬਾ ਸਾਹਿਬ ਨਾਲ ਜੁੜੇ ਪੰਜਾਂ ਤੀਰਥ ਸਥਾਨਾਂ ਨੂੰ ਵਿਸ਼ੇਸ਼ ਰਾਸ਼ਟਰੀ ਪਛਾਣ ਅਤੇ ਮਾਣ-ਸਨਮਾਨ ਪ੍ਰਾਪਤ ਹੋਇਆ ਹੈ।

# ਚੰਡੀਗੜ੍ਹ ਕਤਲਕਾਂਡ ਦੇ ਸ਼ੂਟਰਾਂ ਦੀਆਂ ਤਸਵੀਰਾਂ ਆਈਆਂ ਸਾਹਮਣੇ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਚੰਡੀਗੜ੍ਹ ਕਤਲਕਾਂਡ ਦੇ ਸ਼ੂਟਰਾਂ ਦੀਆਂ ਤਸਵੀਰਾਂ ਸਾਹਮਣੇ ਆਈਆਂ ਹਨ। ਦੱਸਿਆ ਜਾ ਰਿਹਾ ਹੈ ਕਿ ਸੈਕਟਰ-11 'ਚ ਵਾਰਦਾਤ ਮਗਰੋਂ ਮੁਲਜ਼ਮ ਲਈਅਰ ਵੈਲੀ ਪੁੱਜੇ। ਲਈਅਰ ਵੈਲੀ 'ਚ ਮੋਟਰਸਾਈਕਲ ਖੜ੍ਹਾਇਆ ਅਤੇ ਕੱਪੜੇ ਬਦਲ ਕੇ ਆਟੋ ਰਾਹੀਂ ਸੈਕਟਰ 43 ਦੇ ਬੱਸ ਅੱਡੇ ਪਹੁੰਚੇ। ਪੁਲਿਸ ਨੇ ਵਾਰਦਾਤ ਵਿੱਚ ਵਰਤਿਆ ਗਿਆ ਮੋਟਰਸਾਈਕਲ (ਬਾਈਕ) ਬੋਗਨਵਿਲੀਆ ਗਾਰਡਨ ਖੇਤਰ ਤੋਂ ਬਰਾਮਦ ਕਰ ਲਿਆ ਹੈ। ਬਾਈਕ 'ਤੇ ਤਰਨਤਾਰਨ ਦਾ ਫਰਜ਼ੀ ਨੰਬਰ ਲੱਗਿਆ ਹੋਇਆ ਸੀ। ਪੁਲਿਸ ਹੁਣ ਬਾਈਕ ਦੀ ਸਹੀ ਪਛਾਣ ਕਰਨ ਅਤੇ ਹਮਲਾਵਰਾਂ ਤੱਕ ਪਹੁੰਚਣ ਲਈ ਜਾਂਚ ਕਰ ਰਹੀ ਹੈ। ਜ਼ਿਕਰਯੋਗ ਹੈ ਕਿ ਬੀਤੇ ਕੱਲ੍ਹ ਚੰਡੀਗੜ੍ਹ ਦੇ ਪੌਸ਼ ਇਲਾਕੇ ਸੈਕਟਰ 11 ਬਾਜ਼ਾਰ ਵਿੱਚ ਪੀਜੀਆਈਐਮਈਆਰ ਦੇ ਨੇੜੇ ਸਥਿਤ ਇੱਕ ਦਵਾਈ ਦੀ ਦੁਕਾਨ ਦੇ ਕੈਸ਼ੀਅਰ ਦੀ ਦਿਨ-ਦਹਾੜੇ ਦੁਕਾਨ ਦੇ ਅੰਦਰ ਵੜ੍ਹ ਕੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਪੁਲਿਸ ਨੇ ਦੱਸਿਆ ਕਿ ਸ਼੍ਰੀ ਕੁਮਾਰ ਮੈਡੀਕਲ ਹਾਲ ਦੇ ਕੈਸ਼ੀਅਰ ਕਰਮਚਾਰੀ ਨੂੰ ਬਹੁਤ ਨੇੜਿਓਂ ਗੋਲੀ ਮਾਰੀ ਗਈ। ਸ੍ਰੀ ਕੁਮਾਰ ਮੈਡੀਕਲ ਸਟੋਰ 'ਤੇ ਕੈਸ਼ੀਅਰ ਜਾਨਕੀ ਦਾਸ ਦੇ ਕਤਲ ਮਾਮਲੇ ਵਿੱਚ ਇੱਕ ਨਵੀਂ ਆਡੀਓ ਵੀ ਵਾਇਰਲ ਹੋ ਰਹੀ ਹੈ। ਆਡੀਓ ਵਿੱਚ ਬੋਲਣ ਵਾਲਾ ਵਿਅਕਤੀ ਖੁਦ ਨੂੰ ਗੈਂਗਸਟਰ ਗੋਲਡੀ ਢਿੱਲੋਂ ਦੱਸਦੇ ਹੋਏ ਕਤਲ ਦੀ ਜ਼ਿੰਮੇਵਾਰੀ ਲੈ ਰਿਹਾ ਹੈ। ਹਾਲਾਂਕਿ, ਆਡੀਓ ਦੀ ਅਧਿਕਾਰਤ ਤੌਰ 'ਤੇ ਪੁਸ਼ਟੀ ਨਹੀਂ ਹੋਈ ਹੈ।



# ਕੰਗਨਾ ਰਣੌਤ ਦੀ ਫਿਲਮ 'ਭਾਰਤ ਭਾਗਿਆ ਵਿਧਾਤਾ' ਹਰਿਆਣਾ 'ਚ ਹੋਈ ਟੈਕਸ ਮੁਕਤ: ਰਾਜ ਸਰਕਾਰ ਨੇ ਕੀਤਾ ਐਲਾਨ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਕੰਗਨਾ ਰਣੌਤ ਦੀ ਨਵੀਂ ਫਿਲਮ 'ਭਾਰਤ ਭਾਗਿਆ ਵਿਧਾਤਾ' ਸ਼ੁੱਕਰਵਾਰ, 12 ਜੂਨ 2026 ਨੂੰ ਸਿਨੇਮਾਘਰਾਂ ਵਿੱਚ ਰਿਲੀਜ਼ ਹੋਈ। ਇਸ ਫਿਲਮ ਨੂੰ ਹਾਲ ਹੀ ਵਿੱਚ ਦਿੱਲੀ ਵਿੱਚ ਟੈਕਸ-ਫ੍ਰੀ) ਕੀਤਾ ਗਿਆ। ਹੁਣ ਇਸ ਨੂੰ ਹਰਿਆਣਾ ਵਿੱਚ ਵੀ ਟੈਕਸ-ਫ੍ਰੀ ਘੋਸ਼ਿਤ ਕਰ ਦਿੱਤਾ ਗਿਆ ਹੈ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸ਼ਨੀਵਾਰ ਨੂੰ ਚੰਡੀਗੜ੍ਹ ਵਿੱਚ ਫਿਲਮ ਦੇ ਨਿਰਮਾਤਾਵਾਂ (ਮੇਕਰਸ) ਵੱਲੋਂ ਆਯੋਜਿਤ ਇੱਕ ਵਿਸ਼ੇਸ਼ ਸਕ੍ਰੀਨਿੰਗ ਦੌਰਾਨ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਇਹ ਐਲਾਨ ਕੀਤਾ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਬੀਤੀ ਸ਼ਾਮ ਅਦਾਕਾਰਾ ਅਤੇ ਸੰਸਦ ਮੈਂਬਰ ਕੰਗਨਾ ਰਣੌਤ ਨਾਲ ਉਨ੍ਹਾਂ ਦੀ ਨਵੀਂ ਫਿਲਮ 'ਭਾਰਤ ਭਾਗਿਆ ਵਿਧਾਤਾ' ਦੇਖੀ। ਮੁੱਖ ਮੰਤਰੀ ਨੇ ਹਰਿਆਣਾ ਵਿੱਚ ਇਸ ਫਿਲਮ ਨੂੰ ਟੈਕਸ ਫ੍ਰੀ ਕਰਨ ਦਾ ਐਲਾਨ ਵੀ ਕੀਤਾ।

ਸੀਐਮ ਦੇ ਨਾਲ ਉਨ੍ਹਾਂ ਦੀ ਪਤਨੀ ਸੁਮਨ ਸੈਣੀ, ਕਈ ਕੈਬਨਿਟ ਮੰਤਰੀ, ਸੰਸਦ ਮੈਂਬਰ ਅਤੇ ਵਿਧਾਇਕ ਮੌਜੂਦ ਸਨ। ਕੰਗਨਾ ਨੇ ਇਸ ਪਹਿਲ ਲਈ ਸ਼ੁਕਰਾਨਾ ਕਰਦਿਆਂ ਕਿਹਾ ਕਿ ਇਸ ਨਾਲ ਉਨ੍ਹਾਂ ਦੀ ਫਿਲਮ ਸੂਬੇ ਦੇ ਹਰ ਵਿਅਕਤੀ ਤੱਕ ਪਹੁੰਚਣ ਵਿੱਚ ਮਦਦ ਮਿਲੇਗੀ।

ਉਨ੍ਹਾਂ ਨੇ ਮੀਡੀਆ ਨੂੰ ਕਿਹਾ, 'ਹਰਿਆਣਾ ਦੇ ਸੀਐਮ ਨੇ ਸੂਬੇ ਵਿੱਚ ਔਰਤਾਂ ਨੂੰ ਮਜ਼ਬੂਤ ਬਣਾਉਣ ਲਈ ਸ਼ਲਾਘਾਯੋਗ ਕੰਮ ਕੀਤਾ ਹੈ। ਇਸੇ ਤਰ੍ਹਾਂ, ਉਨ੍ਹਾਂ ਨੇ ਹੁਣ ਸਾਡੀ ਫਿਲਮ ਨੂੰ ਟੈਕਸ-ਫ੍ਰੀ ਕਰਕੇ ਸਾਨੂੰ ਮੌਕਾ ਦਿੱਤਾ ਹੈ ਤਾਂ ਜੋ ਇਹ ਹਰਿਆਣਾ ਦੇ ਹਰ ਨਾਗਰਿਕ ਤੱਕ ਪਹੁੰਚ ਸਕੇ।' ਦੱਸ



ਦੇਈਏ ਕਿ ਇੱਕ ਦਿਨ ਪਹਿਲਾਂ ਹੀ ਮੁੱਖ ਮੰਤਰੀ ਸੈਣੀ ਅਤੇ ਕੰਗਨਾ ਦੀ ਦਿੱਲੀ ਵਿੱਚ ਮੁਲਾਕਾਤ ਹੋਈ ਸੀ। ਇਸ ਦੌਰਾਨ ਦੋਵਾਂ ਵਿਚਾਲੇ ਫਿਲਮ ਅਤੇ ਵੱਖ-ਵੱਖ ਸਮਕਾਲੀ ਵਿਸ਼ਿਆਂ 'ਤੇ ਚਰਚਾ ਹੋਈ ਸੀ।

# ਮੀਂਹ ਤੋਂ ਬਾਅਦ ਪੰਜਾਬ 'ਚ ਵਧੇਗੀ ਹੁੰਮਸ: ਅਲਰਟ ਜਾਰੀ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪਿਛਲੇ ਕੁਝ ਦਿਨਾਂ ਤੋਂ ਪੰਜਾਬ ਅਤੇ ਚੰਡੀਗੜ੍ਹ ਵਿੱਚ ਮੌਸਮ ਨੇ ਕਰਵਟ ਬਦਲੀ ਹੋਈ ਹੈ। ਮੀਂਹ ਅਤੇ ਗੜੇਮਾਰੀ ਕਾਰਨ ਕਈ ਇਲਾਕਿਆਂ ਵਿੱਚ ਤਾਪਮਾਨ ਵਿੱਚ ਗਿਰਾਵਟ ਦਰਜ ਕੀਤੀ ਗਈ, ਜਿਸ ਨਾਲ ਲੋਕਾਂ ਨੂੰ ਭਿਆਨਕ ਗਰਮੀ ਤੋਂ ਰਾਹਤ ਮਿਲੀ। ਮੌਸਮ ਵਿਭਾਗ ਦੇ ਅੰਕੜਿਆਂ ਅਨੁਸਾਰ ਸੂਬੇ ਦੇ ਵੱਧ ਤੋਂ ਵੱਧ ਤਾਪਮਾਨ ਵਿੱਚ 8.2 ਡਿਗਰੀ ਸੈਲਸੀਅਸ ਤੱਕ ਦੀ ਕਮੀ ਦਰਜ ਕੀਤੀ ਗਈ ਹੈ।

ਇਸ ਦੌਰਾਨ ਬਠਿੰਡਾ ਵਿੱਚ ਸਭ ਤੋਂ ਵੱਧ ਤਾਪਮਾਨ 35.4 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਮੌਸਮ ਵਿਭਾਗ ਅਨੁਸਾਰ ਅੱਜ ਤੋਂ ਗਰਮੀ ਅਤੇ ਹੁੰਮਸ ਵਿੱਚ ਫਿਰ ਵਾਧਾ ਹੋਣ ਦੀ ਉਮੀਦ ਹੈ। ਇਹ ਸਥਿਤੀ 19 ਜੂਨ ਤੱਕ ਬਣੀ ਰਹਿ ਸਕਦੀ ਹੈ। ਹਾਲਾਂਕਿ, ਇਸ ਸਮੇਂ ਦੌਰਾਨ ਲੋਕਾਂ ਨੂੰ ਕਿਤੇ-ਕਿਤੇ ਮੀਂਹ ਪੈਣ ਕਾਰਨ ਗਰਮੀ ਤੋਂ ਰਾਹਤ ਮਿਲਦੀ ਰਹੇਗੀ। ਅੱਜ ਫਿਰੋਜ਼ਪੁਰ, ਫਾਜ਼ਿਲਕਾ, ਫਰੀਦਕੋਟ, ਸ੍ਰੀ ਮੁਕਤਸਰ ਸਾਹਿਬ, ਮੋਗਾ, ਬਠਿੰਡਾ, ਬਰਨਾਲਾ ਅਤੇ ਮਾਨਸਾ ਵਿੱਚ ਹਲਕੀ ਤੋਂ ਦਰਮਿਆਨੀ ਬਾਰਿਸ਼ ਹੋਣ ਦੀ ਉਮੀਦ ਹੈ। ਚੰਡੀਗੜ੍ਹ ਮੌਸਮ ਵਿਗਿਆਨ ਕੇਂਦਰ ਦੇ ਡਾਇਰੈਕਟਰ ਸੁਰੇਂਦਰ ਪਾਲ ਨੇ ਕਿਹਾ ਕਿ ਅਗਲੇ ਪੰਜ ਦਿਨਾਂ ਵਿੱਚ ਦਿਨ ਦੇ ਤਾਪਮਾਨ ਵਿੱਚ 4 ਤੋਂ 6 ਡਿਗਰੀ ਸੈਲਸੀਅਸ ਦਾ ਵਾਧਾ ਹੋ ਸਕਦਾ ਹੈ।


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD,
SACRAMENTO, CA 95841
+1-917-915-4142
FREMONT, CA
3155 KEARNEY ST, SUITE
#248, FREMONT, CA 94538
+1-510-657-6444
NEW YORK, NY
108-14 JAMAICA AVENUE,
RICHMOND HILL, NY 11418
+1-718-533-8444
FRESNO, CA
1625 E SHAW AVE #122,
FRESNO, CA 93711
+1-559-271-5511
NEW JERSEY, NJ
2060 OAK TREE ROAD #1,
EDISON, NEW JERSEY, 08820
+1-732-453-6699
LOS ANGELES, CA
1013 N BEGONIA AVE,
ONTARIO, CA 91762
+1-917-915-4142
CONTACT
+1-917-915-4142
Jaspreetsinghlaoffice@gmail.com

# TAKE CONTROL OF YOUR HEALTH!

PRIVATE, AFFORDABLE, & CONVENIENT

## 8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

## NO INSURANCE? NO PROBLEM!

WALK-INS WELCOME

ANY LAB TEST NOW



ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336


ਰੋਜ਼ਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria
Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307

# ਭਾਖੜਾ ਡੈਮ ਵਿੱਚ ਜੰਮ੍ਹੀ ਸਿਲਟ: ਕੀ ਪੰਜਾਬ ਇੱਕ ਹੋਰ ਵੱਡੀ ਤਬਾਹੀ ਵੱਲ ਵੱਧ ਰਿਹਾ ਹੈ?

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪੰਜਾਬ ਦੀ ਧਰਤੀ ਨੇ 2023 ਦੇ ਹੜ੍ਹਾਂ ਦੌਰਾਨ ਉਹ ਦਰਦ ਦੇਖਿਆ ਜਿਸਨੂੰ ਲੋਕ ਅੱਜ ਵੀ ਭੁੱਲ ਨਹੀਂ ਸਕੇ। ਹਜ਼ਾਰਾਂ ਘਰ ਪਾਣੀ ਵਿੱਚ ਡੁੱਬ ਗਏ, ਫਸਲਾਂ ਤਬਾਹ ਹੋ ਗਈਆਂ, ਸੜਕਾਂ ਅਤੇ ਪੁਲ ਟੁੱਟ ਗਏ ਅਤੇ ਕਰੋੜਾਂ ਰੁਪਏ ਦਾ ਜਨਤਕ ਤੇ ਨਿੱਜੀ ਨੁਕਸਾਨ ਹੋਇਆ। ਪਰ ਇਸ ਤਬਾਹੀ ਦੇ ਪਿੱਛੇ ਸਿਰਫ਼ ਭਾਰੀ ਬਰਸਾਤ ਹੀ ਜ਼ਿੰਮੇਵਾਰ ਨਹੀਂ ਸੀ। ਇੱਕ ਵੱਡਾ ਸਵਾਲ ਇਹ ਵੀ ਹੈ ਕਿ ਕੀ ਅਸੀਂ ਆਪਣੇ ਸਭ ਤੋਂ ਮਹੱਤਵਪੂਰਨ ਜਲ ਸਰੋਤਾਂ ਨੂੰ ਸਮੇਂ ਸਿਰ ਸੰਭਾਲਣ ਵਿੱਚ ਨਾਕਾਮ ਰਹੇ ਹਾਂ?ਭਾਖੜਾ ਡੈਮ, ਜਿਸਨੂੰ ਆਜ਼ਾਦ ਭਾਰਤ ਦੇ ਸਭ ਤੋਂ ਮਹਾਨ ਇੰਜੀਨੀਅਰਿੰਗ ਪ੍ਰੋਜੈਕਟਾਂ ਵਿੱਚ ਗਿਣਿਆ ਜਾਂਦਾ ਹੈ, ਅੱਜ ਹੌਲੀ-ਹੌਲੀ ਸਿਲਟ ਨਾਲ ਭਰਦਾ ਜਾ ਰਿਹਾ ਹੈ। ਅਧਿਕਾਰਕ ਅੰਕੜਿਆਂ ਅਨੁਸਾਰ ਡੈਮ ਆਪਣੀ ਮੂਲ ਸਟੋਰੇਜ ਸਮਰੱਥਾ ਦਾ ਲਗਭਗ ਇੱਕ ਚੌਥਾਈ ਹਿੱਸਾ ਗੁਆ ਚੁੱਕਾ ਹੈ। ਕਰੀਬ 2,568 ਮਿਲੀਅਨ ਕਿਊਬਿਕ ਮੀਟਰ ਸਮਰੱਥਾ ਸਿਲਟ ਕਾਰਨ ਖਤਮ ਹੋ ਚੁੱਕੀ ਹੈ। ਇਸਦਾ ਮਤਲਬ ਹੈ ਕਿ ਜਿੰਨਾ ਪਾਣੀ ਡੈਮ ਪਹਿਲਾਂ ਰੋਕ ਸਕਦਾ ਸੀ, ਹੁਣ ਉਹ ਨਹੀਂ ਰੋਕ ਸਕਦਾ। ਇਹ ਸਿਰਫ਼ ਇੱਕ ਤਕਨੀਕੀ ਸਮੱਸਿਆ ਨਹੀਂ ਹੈ। ਇਹ ਪੰਜਾਬ ਦੇ ਹਰ ਘਰ, ਹਰ ਸ਼ਹਿਰ, ਹਰ ਪਿੰਡ ਅਤੇ ਹਰ ਕਾਰੋਬਾਰ ਨਾਲ ਜੁੜਿਆ ਹੋਇਆ ਮੁੱਦਾ ਹੈ।

ਜਦੋਂ ਡੈਮ ਦੀ ਸਮਰੱਥਾ ਘਟਦੀ ਹੈ ਤਾਂ ਭਾਰੀ ਬਰਸਾਤ ਦੇ ਸਮੇਂ ਵਾਧੂ ਪਾਣੀ ਨੂੰ ਰੋਕਣ ਲਈ ਘੱਟ ਜਗ੍ਹਾ ਬਚਦੀ ਹੈ। ਅਜਿਹੇ ਹਾਲਾਤਾਂ ਵਿੱਚ ਡੈਮ ਪ੍ਰਬੰਧਨ ਨੂੰ ਮਜਬੂਰੀ ਵੱਸ ਵੱਡੀ ਮਾਤਰਾ ਵਿੱਚ ਪਾਣੀ ਛੱਡਣਾ ਪੈਂਦਾ ਹੈ। ਇਸਦਾ ਨਤੀਜਾ ਪੰਜਾਬ ਦੇ ਹੇਠਲੇ ਇਲਾਕਿਆਂ ਵਿੱਚ ਹੜ੍ਹਾਂ ਦੇ ਰੂਪ ਵਿੱਚ ਸਾਹਮਣੇ ਆ ਸਕਦਾ ਹੈ। ਸਭ ਤੋਂ ਚਿੰਤਾਜਨਕ ਗੱਲ ਇਹ ਹੈ ਕਿ ਇਹ ਸਮੱਸਿਆ ਕੋਈ ਨਵੀਂ ਨਹੀਂ। ਸਾਲਾਂ ਤੋਂ ਸਿਲਟੇਸ਼ਨ ਬਾਰੇ ਰਿਪੋਰਟਾਂ ਆ ਰਹੀਆਂ ਹਨ। ਮਾਹਿਰ ਲਗਾਤਾਰ ਚੇਤਾਵਨੀਆਂ ਦਿੰਦੇ ਰਹੇ ਹਨ। ਭਭੰਭ ਅਤੇ ਸਰਕਾਰੀ ਏਜੰਸੀਆਂ ਵੀ ਇਸ ਹਕੀਕਤ ਤੋਂ ਜਾਣੂ ਹਨ। ਫਿਰ ਵੀ ਅੱਜ ਤੱਕ ਭਾਖੜਾ ਡੈਮ ਦੀ ਵਿਆਪਕ ਡੀ-ਸਿਲਟਿੰਗ ਸ਼ੁਰੂ ਨਹੀਂ ਹੋ ਸਕੀ।

ਇੱਥੇ ਸਭ ਤੋਂ ਵੱਡਾ ਸਵਾਲ ਸਰਕਾਰਾਂ ਦੀ ਜ਼ਿੰਮੇਵਾਰੀ ਦਾ ਹੈ।

ਕੇਂਦਰ ਸਰਕਾਰ, ਪੰਜਾਬ ਸਰਕਾਰ, ਹਿਮਾਚਲ ਪ੍ਰਦੇਸ਼ ਸਰਕਾਰ ਅਤੇ ਬੀਬੀਐਮਬੀ ਸਾਰੀਆਂ ਸੰਸਥਾਵਾਂ ਨੂੰ ਇਸ ਸਮੱਸਿਆ ਦੀ ਜਾਣਕਾਰੀ ਹੈ।

ਜੇਕਰ ਇੱਕ ਡੈਮ ਆਪਣੀ ਸਟੋਰੇਜ ਸਮਰੱਥਾ ਦਾ ਲਗਭਗ 25 ਫੀਸਦੀ ਹਿੱਸਾ ਗੁਆ ਬੈਠਾ ਹੈ ਤਾਂ ਇਹ ਕੋਈ ਅਚਾਨਕ ਪੈਦਾ ਹੋਈ ਸਥਿਤੀ ਨਹੀਂ, ਸਗੋਂ ਦਹਾਕਿਆਂ ਦੀ ਅਣਗਹਿਲੀ ਦਾ ਨਤੀਜਾ ਹੈ।

ਸਰਕਾਰਾਂ ਅਕਸਰ ਲਾਗਤ, ਤਕਨੀਕੀ ਮੁਸ਼ਕਲਾਂ ਅਤੇ ਵਾਤਾਵਰਣੀ ਮਨਜ਼ੂਰੀਆਂ ਦਾ ਹਵਾਲਾ ਦਿੰਦੀਆਂ ਹਨ। ਪਰ ਸਵਾਲ ਇਹ ਹੈ ਕਿ ਕੀ ਤਬਾਹੀ ਆਉਣ ਦੀ ਉਡੀਕ ਕਰਨਾ ਸਸਤਾ ਹੈ?ਹੜ੍ਹਾਂ ਕਾਰਨ ਹਰ ਸਾਲ ਹਜ਼ਾਰਾਂ ਕਰੋੜ ਰੁਪਏ ਦਾ ਨੁਕਸਾਨ ਹੁੰਦਾ ਹੈ। ਸੜਕਾਂ, ਪੁਲਾਂ, ਸਕੂਲਾਂ, ਹਸਪਤਾਲਾਂ ਅਤੇ ਬਿਜਲੀ ਢਾਂਚੇ ਦੀ ਮੁਰੰਮਤ 'ਤੇ ਭਾਰੀ ਖਰਚਾ ਹੁੰਦਾ ਹੈ। ਕਿਸਾਨਾਂ ਦੀਆਂ ਫਸਲਾਂ ਬਰਬਾਦ ਹੁੰਦੀਆਂ ਹਨ। ਵਪਾਰ ਠੱਪ ਹੋ ਜਾਂਦਾ ਹੈ। ਲੋਕਾਂ ਦੇ ਘਰ ਅਤੇ ਜਮ੍ਹਾਂ ਪੂੰਜੀ ਪਾਣੀ ਵਿੱਚ ਵਹਿ ਜਾਂਦੀ ਹੈ। ਜੇ ਇਹ ਸਭ ਕੁਝ ਮਿਲਾ ਕੇ ਦੇਖਿਆ ਜਾਵੇ ਤਾਂ ਡੀ-ਸਿਲਟਿੰਗ 'ਤੇ ਖਰਚ ਹੋਣ ਵਾਲੀ ਰਕਮ ਇਸ ਨਾਲੋਂ ਕਿਤੇ ਘੱਟ ਹੋ ਸਕਦੀ ਹੈ।

ਇਹ ਮੁੱਦਾ ਸਿਰਫ਼ ਹੜ੍ਹਾਂ ਤੱਕ ਸੀਮਤ ਨਹੀਂ। ਘਟਦੀ ਸਟੋਰੇਜ ਸਮਰੱਥਾ ਦਾ ਅਰਥ ਹੈ ਕਿ ਭਵਿੱਖ ਵਿੱਚ ਪੀਣ ਵਾਲੇ ਪਾਣੀ, ਸਿੰਚਾਈ ਅਤੇ ਬਿਜਲੀ ਉਤਪਾਦਨ ਉੱਤੇ ਵੀ ਦਬਾਅ ਵਧੇਗਾ।

ਪੰਜਾਬ ਪਹਿਲਾਂ ਹੀ ਭੂਜਲ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਜੇਕਰ ਸਤਹੀ ਪਾਣੀ ਦੇ ਸਭ ਤੋਂ ਵੱਡੇ ਸਰੋਤਾਂ ਵਿੱਚੋਂ ਇੱਕ ਦੀ ਸਮਰੱਥਾ ਲਗਾਤਾਰ ਘਟਦੀ ਰਹੀ ਤਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਸਦੀ ਭਾਰੀ ਕੀਮਤ ਚੁਕਾਉਣੀ ਪੈ ਸਕਦੀ ਹੈ।

ਅਸਲ ਲੋੜ ਸਿਰਫ਼ ਡੀ-ਸਿਲਟਿੰਗ ਦੀ ਨਹੀਂ, ਸਗੋਂ ਜਵਾਬਦੇਹੀ ਦੀ ਹੈ। ਪੰਜਾਬ ਦੇ ਲੋਕਾਂ ਨੂੰ ਇਹ ਜਾਣਨ ਦਾ ਅਧਿਕਾਰ ਹੈ ਕਿ:

* ਭਾਖੜਾ ਡੈਮ ਵਿੱਚ ਅਸਲ ਵਿੱਚ ਕਿੰਨੀ ਸਿਲਟ ਜਮ੍ਹਾ ਹੋ ਚੁੱਕੀ ਹੈ?
* ਡੀ-ਸਿਲਟਿੰਗ ਲਈ ਕੀ ਯੋਜਨਾ ਬਣਾਈ ਗਈ ਹੈ?
* ਇਸ ਲਈ ਕਿੰਨਾ ਬਜਟ ਰੱਖਿਆ ਗਿਆ ਹੈ?
* ਇਹ ਕੰਮ ਕਦੋਂ ਸ਼ੁਰੂ ਹੋਵੇਗਾ?
* ਜੇ ਨਹੀਂ ਹੋ ਰਿਹਾ ਤਾਂ ਇਸਦੀ ਜ਼ਿੰਮੇਵਾਰੀ ਕਿਸਦੀ ਹੈ?

ਇੱਕ ਲੋਕਤੰਤਰ ਵਿੱਚ ਸਰਕਾਰਾਂ ਦਾ ਕੰਮ ਸਿਰਫ਼ ਤਬਾਹੀ ਤੋਂ ਬਾਅਦ ਰਾਹਤ ਵੰਡਣਾ ਨਹੀਂ ਹੁੰਦਾ, ਸਗੋਂ ਤਬਾਹੀ ਨੂੰ ਰੋਕਣਾ ਵੀ ਹੁੰਦਾ ਹੈ।

ਅੱਜ ਲੋੜ ਹੈ ਕਿ ਭਾਖੜਾ ਡੈਮ ਦੀ ਸਿਲਟੇਸ਼ਨ ਨੂੰ ਇੱਕ ਰਾਸ਼ਟਰੀ ਮਹੱਤਤਾ ਦੇ ਮੁੱਦੇ ਵਜੋਂ ਲਿਆ ਜਾਵੇ। ਇਸ ਬਾਰੇ ਸੁਤੰਤਰ ਵਿਗਿਆਨਕ ਸਰਵੇ ਕਰਵਾਇਆ ਜਾਵੇ, ਸਾਰੀਆਂ ਰਿਪੋਰਟਾਂ ਜਨਤਕ ਕੀਤੀਆਂ ਜਾਣ ਅਤੇ ਡੀ-ਸਿਲਟਿੰਗ ਲਈ ਸਮਾਂਬੱਧ ਕਾਰਜ ਯੋਜਨਾ ਤਿਆਰ ਕੀਤੀ



ਜਾਵੇ। ਕਿਉਂਕਿ ਜੇ ਅਸੀਂ ਅੱਜ ਇਸ ਸਮੱਸਿਆ ਨੂੰ ਨਜ਼ਰਅੰਦਾਜ਼ ਕਰਦੇ ਰਹੇ ਤਾਂ ਕੱਲ੍ਹ ਪੰਜਾਬ ਨੂੰ ਹੜ੍ਹਾਂ, ਪਾਣੀ ਦੀ ਕਮੀ ਅਤੇ ਆਰਥਿਕ ਨੁਕਸਾਨ ਦੇ ਰੂਪ ਵਿੱਚ ਇਸਦੀ ਹੋਰ ਵੱਡੀ ਕੀਮਤ ਚੁਕਾਉਣੀ ਪੈ ਸਕਦੀ ਹੈ। ਸਵਾਲ ਸਿਰਫ਼ ਇਹ ਨਹੀਂ ਕਿ ਭਾਖੜਾ ਡੈਮ ਵਿੱਚ ਕਿੰਨੀ ਸਿਲਟ ਜਮ੍ਹਾ ਹੋ ਚੁੱਕੀ ਹੈ। ਸਵਾਲ ਇਹ ਹੈ ਕਿ ਕੀ ਸਰਕਾਰਾਂ ਇਸ ਖਤਰੇ ਨੂੰ ਸਮਝ ਰਹੀਆਂ ਹਨ ਜਾਂ ਪੰਜਾਬ ਇੱਕ ਹੋਰ ਵੱਡੀ ਤਬਾਹੀ ਦੀ ਉਡੀਕ ਕਰ ਰਿਹਾ ਹੈ?

## ਮੀਂਹ ਤੋਂ ਬਾਅਦ ਪੰਜਾਬ 'ਚ ਵਧੇਗੀ ਹੁੰਮਸ: ਅਲਰਟ ਜਾਰੀ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪਿਛਲੇ ਕੁਝ ਦਿਨਾਂ ਤੋਂ ਪੰਜਾਬ ਅਤੇ ਚੰਡੀਗੜ੍ਹ ਵਿੱਚ ਮੌਸਮ ਨੇ ਕਰਵਟ ਬਦਲੀ ਹੋਈ ਹੈ। ਮੀਂਹ ਅਤੇ ਗੜੇਮਾਰੀ ਕਾਰਨ ਕਈ ਇਲਾਕਿਆਂ ਵਿੱਚ ਤਾਪਮਾਨ ਵਿੱਚ ਗਿਰਾਵਟ ਦਰਜ ਕੀਤੀ ਗਈ, ਜਿਸ ਨਾਲ ਲੋਕਾਂ ਨੂੰ ਭਿਆਨਕ ਗਰਮੀ ਤੋਂ ਰਾਹਤ ਮਿਲੀ। ਮੌਸਮ ਵਿਭਾਗ ਦੇ ਅੰਕੜਿਆਂ ਅਨੁਸਾਰ ਸੂਬੇ ਦੇ ਵੱਧ ਤੋਂ ਵੱਧ ਤਾਪਮਾਨ ਵਿੱਚ 8.2 ਡਿਗਰੀ ਸੈਲਸੀਅਸ ਤੱਕ ਦੀ ਕਮੀ ਦਰਜ ਕੀਤੀ ਗਈ ਹੈ। ਇਸ ਦੌਰਾਨ ਬਠਿੰਡਾ ਵਿੱਚ ਸਭ ਤੋਂ ਵੱਧ ਤਾਪਮਾਨ 35.4 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਮੌਸਮ ਵਿਭਾਗ ਅਨੁਸਾਰ ਅੱਜ ਤੋਂ ਗਰਮੀ ਅਤੇ ਹੁੰਮਸ ਵਿੱਚ ਫਿਰ ਵਾਧਾ ਹੋਣ ਦੀ ਉਮੀਦ ਹੈ। ਇਹ ਸਥਿਤੀ 19 ਜੂਨ ਤੱਕ ਬਣੀ ਰਹਿ ਸਕਦੀ ਹੈ। ਹਾਲਾਂਕਿ, ਇਸ ਸਮੇਂ



ਦੌਰਾਨ ਲੋਕਾਂ ਨੂੰ ਕਿਤੇ-ਕਿਤੇ ਮੀਂਹ ਪੈਣ ਕਾਰਨ ਗਰਮੀ ਤੋਂ ਰਾਹਤ ਮਿਲਦੀ ਰਹੇਗੀ। ਅੱਜ ਫਿਰੋਜ਼ਪੁਰ, ਫਾਜ਼ਿਲਕਾ, ਫਰੀਦਕੋਟ, ਸ੍ਰੀ ਮੁਕਤਸਰ ਸਾਹਿਬ, ਮੋਗਾ, ਬਠਿੰਡਾ, ਬਰਨਾਲਾ ਅਤੇ ਮਾਨਸਾ ਵਿੱਚ ਹਲਕੀ ਤੋਂ ਦਰਮਿਆਨੀ ਬਾਰਿਸ਼ ਹੋਣ ਦੀ ਉਮੀਦ ਹੈ। ਚੰਡੀਗੜ੍ਹ ਮੌਸਮ ਵਿਗਿਆਨ ਕੇਂਦਰ ਦੇ ਡਾਇਰੈਕਟਰ ਸੁਰੇਂਦਰ ਪਾਲ ਨੇ ਕਿਹਾ ਕਿ ਅਗਲੇ ਪੰਜ ਦਿਨਾਂ ਵਿੱਚ ਦਿਨ ਦੇ ਤਾਪਮਾਨ ਵਿੱਚ 4 ਤੋਂ 6 ਡਿਗਰੀ ਸੈਲਸੀਅਸ ਦਾ ਵਾਧਾ ਹੋ ਸਕਦਾ ਹੈ। ਇਸ ਤੋਂ ਬਾਅਦ, ਤਾਪਮਾਨ ਵਿੱਚ ਕੋਈ ਮਹੱਤਵਪੂਰਨ ਤਬਦੀਲੀ ਦੀ ਉਮੀਦ ਨਹੀਂ ਹੈ।

## ਬਠਿੰਡਾ 'ਚ ਦਿਲ ਦਹਿਲਾ ਦੇਣ ਵਾਲੀ ਘਟਨਾ: ਪੋਤੇ ਨੇ 85 ਸਾਲਾ ਦਾਦੀ ਨੂੰ ਕੁੱਟ-ਕੁੱਟ ਉਤਾਰਿਆ ਮੌਤ ਦੇ ਘਾਟ

ਬਠਿੰਡਾ
ਸਾਂਝੀ ਸੋਚ ਬਿਊਰੋ

ਬਠਿੰਡਾ ਜ਼ਿਲ੍ਹੇ ਦੇ ਜੰਗੀਰਾਣਾ ਵਿੱਚ ਇੱਕ ਦਿਲ ਦਹਿਲਾ ਦੇਣ ਵਾਲੀ ਘਟਨਾ ਸਾਹਮਣੇ ਆਈ ਹੈ, ਜਿੱਥੇ 85 ਸਾਲਾ ਬਜ਼ੁਰਗ ਮਹਿਲਾ ਦੀ ਕਥਿਤ ਤੌਰ 'ਤੇ ਕੁੱਟਮਾਰ ਕਰਕੇ ਹੱਤਿਆ ਕਰ ਦਿੱਤੀ ਗਈ, ਕਤਲ ਦੇ ਦੋਸ਼ ਕਿਸੇ ਹੋਰ 'ਤੇ ਨਹੀਂ ਸਗੋਂ ਮ੍ਰਿਤਕ ਦੇ ਪੋਤੇ 'ਤੇ ਹੀ ਲੱਗ ਰਹੇ ਹਨ। ਇਹ ਮਾਮਲਾ ਨੰਦਗੜ੍ਹ ਥਾਣਾ ਖੇਤਰ ਅਧੀਨ ਆਉਂਦਾ ਹੈ। ਮ੍ਰਿਤਕਾ ਦੀ ਪਛਾਣ ਬਸੰਤ ਕੌਰ (85) ਵਜੋਂ ਹੋਈ ਹੈ।




ਪੁਲੀਸ ਅਨੁਸਾਰ, ਪਰਿਵਾਰਕ ਮੈਂਬਰ ਅਤੇ ਪਿੰਡ ਵਾਸੀ ਸੁਖਰਾਜ ਸਿੰਘ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਮ੍ਰਿਤਕਾ ਦੇ ਪੋਤੇ ਮਹਿਕਦੀਪ ਸਿੰਘ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਥਾਣਾ ਨੰਦਗੜ੍ਹ ਦੇ ਸਹਾਇਕ ਸਬ-ਇੰਸਪੈਕਟਰ (ਏਐਸਆਈ) ਸੁਰਜੀਤ ਸਿੰਘ ਨੇ ਦੱਸਿਆ ਕਿ ਮੁਲਜ਼ਮ ਖ਼ਿਲਾਫ਼ ਭਾਰਤੀ ਨਿਆਏ ਸੰਹਿਤਾ ਦੀ ਧਾਰਾ 103(1) ਤਹਿਤ ਕਤਲ ਦਾ ਕੇਸ ਦਰਜ ਕੀਤਾ ਗਿਆ ਹੈ। ਪੁਲੀਸ ਨੇ ਦੱਸਿਆ ਕਿ ਮੁਲਜ਼ਮ ਦੀ ਗ੍ਰਿਫ਼ਤਾਰੀ ਲਈ ਵਿਸ਼ੇਸ਼ ਟੀਮਾਂ ਗਠਿਤ ਕੀਤੀਆਂ ਗਈਆਂ ਹਨ ਅਤੇ ਉਸ ਦੇ ਸੰਭਾਵਿਤ ਟਿਕਾਣਿਆਂ 'ਤੇ ਲਗਾਤਾਰ ਛਾਪੇਮਾਰੀ ਕੀਤੀ ਜਾ ਰਹੀ ਹੈ। ਪੁਲੀਸ ਵੱਲੋਂ ਮਾਮਲੇ ਦੀ ਜਾਂਚ ਜਾਰੀ ਹੈ ਅਤੇ ਘਟਨਾ ਦੇ ਕਾਰਨਾਂ ਦਾ ਪਤਾ ਲਗਾਇਆ ਜਾ ਰਿਹਾ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਜਾਂਚ ਪੂਰੀ ਹੋਣ ਤੋਂ ਬਾਅਦ ਹੀ ਘਟਨਾ ਬਾਰੇ ਹੋਰ ਸਪੱਸ਼ਟ ਜਾਣਕਾਰੀ ਸਾਹਮਣੇ ਆ ਸਕੇਗੀ।

## ਮੇਰੀ ਸਲੋਵਾਕੀਆ ਫੇਰੀ ਦੁਵੱਲੇ ਸਬੰਧਾਂ ਨੂੰ ਕਰੇਗੀ ਹੋਰ ਮਜ਼ਬੂਤ- ਨਰਿੰਦਰ ਮੋਦੀ

ਸਲੋਵਾਕੀਆ
ਸਾਂਝੀ ਸੋਚ ਬਿਊਰੋ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੇ ਤਿੰਨ ਦੇਸ਼ਾਂ ਦੇ ਯੂਰਪੀ ਦੌਰੇ ਦੇ ਦੂਜੇ ਪੜਾਅ ਲਈ ਸਲੋਵਾਕੀਆ ਪਹੁੰਚੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਐਤਵਾਰ ਸ਼ਾਮ ਨੂੰ ਸਲੋਵਾਕੀਆ ਦੀ ਰਾਜਧਾਨੀ ਬ੍ਰਾਟੀਸਲਾਵਾ ਪਹੁੰਚੇ ਅਤੇ ਕਿਹਾ ਕਿ ਇਹ ਦੌਰਾ ਭਾਰਤ-ਸਲੋਵਾਕੀਆ ਸਬੰਧਾਂ ਨੂੰ ਹੋਰ ਡੂੰਘਾ ਕਰਨ ਅਤੇ ਦੋਵਾਂ ਦੇਸ਼ਾਂ ਵਿਚਕਾਰ ਸਹਿਯੋਗ ਦੇ ਨਵੇਂ ਰਸਤੇ ਤਲਾਸ਼ਣ ਦਾ ਮੌਕਾ ਪ੍ਰਦਾਨ ਕਰਦਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਇਹ ਵੀ ਕਿਹਾ ਕਿ ਉਹ "ਸਲੋਵਾਕੀਆ ਦੇ ਰਾਸ਼ਟਰਪਤੀ ਪੀਟਰ ਪੇਲੇਗ੍ਰੀਨੀ ਅਤੇ ਪ੍ਰਧਾਨ ਮੰਤਰੀ ਰਾਬਰਟ ਫਿਕੋ ਨਾਲ ਉਤਪਾਦਕ ਮੀਟਿੰਗਾਂ ਦੀ ਉਮੀਦ ਕਰ ਰਹੇ ਹਨ"।

ਆਪਣੇ ਅਧਿਕਾਰਤ ਐਕਸ ਅਕਾਊਂਟ 'ਤੇ ਲੈ ਕੇ, ਪ੍ਰਧਾਨ ਮੰਤਰੀ ਮੋਦੀ ਨੇ ਲਿਖਿਆ: "ਬ੍ਰਾਟੀਸਲਾਵਾ ਪਹੁੰਚ ਗਿਆ ਹਾਂ।

ਇਹ ਦੌਰਾ ਭਾਰਤ-ਸਲੋਵਾਕੀਆ ਸਬੰਧਾਂ ਨੂੰ ਹੋਰ ਡੂੰਘਾ ਕਰਨ ਅਤੇ ਸਹਿਯੋਗ ਦੇ ਨਵੇਂ ਰਸਤੇ ਤਲਾਸ਼ਣ ਦਾ ਮੌਕਾ ਪ੍ਰਦਾਨ ਕਰਦਾ ਹੈ। ਰਾਸ਼ਟਰਪਤੀ ਪੇਲੇਗ੍ਰੀਨੀ ਅਤੇ ਪ੍ਰਧਾਨ ਮੰਤਰੀ ਫਿਕੋ ਨਾਲ ਉਤਪਾਦਕ ਮੀਟਿੰਗਾਂ ਦੀ ਉਮੀਦ ਕਰ ਰਿਹਾ ਹਾਂ।"

ਜਿਵੇਂ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਫਰਾਂਸ ਵਿੱਚ ਨਾਇਸ ਦੀ ਆਪਣੀ ਫੇਰੀ ਦੇ ਪਹਿਲੇ ਪੜਾਅ ਨੂੰ ਪੂਰਾ ਕਰਨ ਤੋਂ ਬਾਅਦ ਐਤਵਾਰ ਸ਼ਾਮ ਨੂੰ ਬ੍ਰਾਟੀਸਲਾਵਾ ਪਹੁੰਚੇ। ਸੋਮਵਾਰ ਸਵੇਰੇ ਪ੍ਰਧਾਨ ਮੰਤਰੀ ਮੋਦੀ ਦਾ ਰਸਮੀ ਸਵਾਗਤ ਕੀਤਾ ਜਾਵੇਗਾ। ਸਲੋਵਾਕੀਆ ਵਿੱਚ ਭਾਰਤੀ ਪ੍ਰਵਾਸੀ ਭਾਰਤੀ ਪ੍ਰਧਾਨ ਮੰਤਰੀ ਦੇ ਦੇਸ਼ ਦੇ ਪਹਿਲੇ ਦੌਰੇ ਨੂੰ ਲੈ ਕੇ ਬਹੁਤ ਉਤਸ਼ਾਹਿਤ ਹਨ।

ਸਲੋਵਾਕੀਆ ਦੇ ਪ੍ਰਧਾਨ ਮੰਤਰੀ ਰਾਬਰਟ ਫਿਕੋ ਦੇ ਸੱਦੇ 'ਤੇ, ਆਪਣੀ ਯਾਤਰਾ ਦੇ ਦੂਜੇ ਪੜਾਅ 'ਤੇ, ਪ੍ਰਧਾਨ ਮੰਤਰੀ ਮੋਦੀ 16 ਜੂਨ ਤੱਕ ਸਲੋਵਾਕੀਆ ਦੇ ਦੋ ਦਿਨਾਂ ਦੇ ਸਰਕਾਰੀ ਦੌਰੇ 'ਤੇ ਹਨ। 1993 ਵਿੱਚ ਆਜ਼ਾਦੀ ਤੋਂ ਬਾਅਦ ਇਹ ਕਿਸੇ ਭਾਰਤੀ ਪ੍ਰਧਾਨ ਮੰਤਰੀ ਦਾ ਪਹਿਲਾ ਸਲੋਵਾਕੀਆ ਦੌਰਾ ਹੋਵੇਗਾ। ਪ੍ਰਧਾਨ ਮੰਤਰੀ ਮੋਦੀ ਦੀ ਇਹ ਯਾਤਰਾ ਅਪ੍ਰੈਲ 2025 ਵਿੱਚ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦੀ ਸਲੋਵਾਕੀਆ ਦੀ ਸਰਕਾਰੀ ਫੇਰੀ ਅਤੇ ਫਰਵਰੀ 2026 ਵਿੱਚ ਏਆਈ ਪ੍ਰਭਾਵ ਸੰਮੇਲਨ ਲਈ ਸਲੋਵਾਕੀਆ ਦੇ ਰਾਸ਼ਟਰਪਤੀ ਪੀਟਰ ਪੇਲੇਗ੍ਰਿਨੀ ਦੀ ਭਾਰਤ ਫੇਰੀ ਤੋਂ ਬਾਅਦ ਹੈ।

ਪ੍ਰਧਾਨ ਮੰਤਰੀ ਮੋਦੀ ਆਪਣੇ ਸਲੋਵਾਕੀਆ ਹਮਰੁਤਬਾ ਫਿਕੋ ਨਾਲ ਗੱਲਬਾਤ ਕਰਨਗੇ, ਅਤੇ ਸਹਿਯੋਗ ਦੇ ਨਵੇਂ ਰਸਤੇ ਲੱਭਣਗੇ। ਪ੍ਰਧਾਨ ਮੰਤਰੀ ਮੋਦੀ ਸਲੋਵਾਕੀਆ ਦੇ ਰਾਸ਼ਟਰਪਤੀ ਪੇਲੇਗ੍ਰਿਨੀ ਨਾਲ ਵੀ ਮੁਲਾਕਾਤ ਕਰਨਗੇ। ਇਹ ਯਾਤਰਾ ਵਪਾਰ, ਨਿਵੇਸ਼ ਅਤੇ ਆਟੋਮੋਬਾਈਲ ਅਤੇ ਰੇਲਵੇ ਨਿਰਮਾਣ ਸਮੇਤ ਵੱਖ-ਵੱਖ ਖੇਤਰਾਂ ਵਿੱਚ ਸਲੋਵਾਕੀਆ ਨਾਲ ਆਪਣੇ ਦੁਵੱਲੇ ਸਬੰਧਾਂ ਨੂੰ ਮਜ਼ਬੂਤ ਕਰਨ ਪ੍ਰਤੀ ਭਾਰਤ ਦੀ ਵਚਨਬੱਧਤਾ ਦੀ ਪੁਸ਼ਟੀ ਕਰੇਗੀ।

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

Paul Sahota

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉੱਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।

ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।



# ਸੁਖਬੀਰ ਸਿੰਘ ਬਾਦਲ ਵੱਲੋਂ ਕੈਨੇਡਾ ਭੇਜੇ ਗਏ 11 ਮੈਂਬਰੀ ਵਫ਼ਦ ਨੂੰ ਬ੍ਰਿਟਿਸ਼ ਕੋਲੰਬੀਆ ਦੇ ਵੈਨਕੂਵਰ ਲੋਅਰ ਮੇਨਲੈਂਡ ਖੇਤਰ ਵਿੱਚ ਭਰਵਾਂ ਅਤੇ ਰਿਕਾਰਡ ਤੋੜ ਹੁੰਗਾਰਾ ਮਿਲਿਆ

ਵੈਨਕੂਵਰ
ਸਾਂਝੀ ਸੋਚ ਬਿਊਰੋ

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਕੈਨੇਡਾ ਭੇਜੇ ਗਏ 11 ਮੈਂਬਰੀ ਵਫ਼ਦ ਨੂੰ ਬ੍ਰਿਟਿਸ਼ ਕੋਲੰਬੀਆ ਦੇ ਵੈਨਕੂਵਰ ਲੋਅਰ ਮੇਨਲੈਂਡ ਖੇਤਰ ਵਿੱਚ ਭਰਵਾਂ ਅਤੇ ਰਿਕਾਰਡ ਤੋੜ ਹੁੰਗਾਰਾ ਮਿਲਿਆ ਹੈ। ਪੰਜਾਬੀ ਭਾਈਚਾਰੇ ਨੇ ਬਾਦਲ ਵੱਲੋਂ ਭੇਜੇ ਗਏ ਸੰਦੇਸ਼ ਅਤੇ ਵਫ਼ਦ ਦਾ ਨਿੱਘਾ ਸਵਾਗਤ ਕੀਤਾ ਹੈ। ਆਮ ਆਦਮੀ ਪਾਰਟੀ (ਆਪ) ਅਤੇ ਉਸ ਦੇ ਸਮਰਥਕਾਂ ਵੱਲੋਂ ਇਸ ਦੌਰੇ ਨੂੰ ਰੋਕਣ ਲਈ ਵੱਖ-ਵੱਖ ਤਰੀਕਿਆਂ ਨਾਲ ਰੁਕਾਵਟਾਂ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਗਈ, ਪਰ ਅਕਾਲੀ ਵਰਕਰਾਂ ਦਾ ਉਤਸ਼ਾਹ ਅਤੇ ਦ੍ਰਿੜ੍ਹਤਾ ਕਿਸੇ ਵੀ ਚੁਣੌਤੀ ਦੇ ਸਾਹਮਣੇ ਡਗਮਗਾਈ ਨਹੀਂ। ਖਾਲਿਸਤਾਨੀ ਵਿਚਾਰਧਾਰਾ ਨਾਲ ਜੁੜੇ ਕੁਝ ਤੱਤਾਂ ਵੱਲੋਂ ਵੀ ਕੁਝ ਪ੍ਰੋਗਰਾਮਾਂ ਵਿੱਚ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ ਗਈ, ਪਰ ਅਕਾਲੀ ਸਮਰਥਕਾਂ ਦੀ ਵੱਡੀ ਗਿਣਤੀ ਅਤੇ ਅਨੁਸ਼ਾਸਿਤ ਹਾਜ਼ਰੀ ਕਾਰਨ ਸਾਰੇ ਪ੍ਰੋਗਰਾਮ ਸਫਲਤਾਪੂਰਵਕ ਸੰਪੰਨ ਹੋਏ। ਇਸ ਹੁੰਗਾਰੇ ਨੇ ਸਾਬਤ ਕੀਤਾ ਹੈ ਕਿ ਕੈਨੇਡਾ ਵਿੱਚ ਵਸਦੇ ਪੰਜਾਬੀ ਭਾਈਚਾਰੇ ਦੇ ਇੱਕ ਵੱਡੇ ਹਿੱਸੇ ਵਿੱਚ ਸ਼੍ਰੋਮਣੀ ਅਕਾਲੀ ਦਲ ਲਈ ਅੱਜ ਵੀ ਮਜ਼ਬੂਤ ਸਮਰਥਨ ਮੌਜੂਦ ਹੈ। ਰਾਜਨੀਤਿਕ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਇਨ੍ਹਾਂ ਰੈਲੀਆਂ ਦੀ ਸਫਲਤਾ ਪੰਜਾਬ ਦੀ ਰਾਜਨੀਤੀ ਵਿੱਚ ਨਵੇਂ ਸੰਕੇਤ ਦੇ ਸਕਦੀ ਹੈ।

ਇਸ ਮੌਕੇ ’ਤੇ ਰੇਡੀਓ ਇੰਡੀਆ ਦੇ ਮੈਨੇਜਿੰਗ ਡਾਇਰੈਕਟਰ ਮਨਿੰਦਰ ਗਿੱਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ ਆਪਣੇ ਪੁਰਾਣੇ ਸਿਆਸੀ ਗੱਠਜੋੜ ਨੂੰ ਮੁੜ ਸਥਾਪਿਤ ਕਰਨ ਬਾਰੇ ਗੰਭੀਰਤਾ ਨਾਲ ਵਿਚਾਰ ਕਰਨਾ ਚਾਹੀਦਾ ਹੈ। ਕੈਨੇਡਾ ਦੌਰੇ ਦੌਰਾਨ ਮਿਲਿਆ ਇਹ ਭਰਵਾਂ ਹੁੰਗਾਰਾ ਇਸ ਗੱਲ ਦਾ ਸੰਕੇਤ ਹੈ ਕਿ ਸ਼੍ਰੋਮਣੀ ਅਕਾਲੀ ਦਲ ਅੱਜ ਵੀ ਪੰਜਾਬੀ ਪ੍ਰਵਾਸੀ ਭਾਈਚਾਰੇ ਵਿੱਚ ਮਜ਼ਬੂਤ ਜਨ ਅਧਾਰ ਰੱਖਦਾ ਹੈ। ਇਹ ਵੀ ਸਪਸ਼ਟ ਹੁੰਦਾ ਹੈ ਕਿ ਅਕਾਲੀ ਦਲ ਅਤੇ ਭਾਜਪਾ, ਜੋ ਲੰਮੇ ਸਮੇਂ ਤੱਕ ਕੁਦਰਤੀ ਸਿਆਸੀ ਸਾਥੀ ਰਹੇ ਹਨ, ਜੇਕਰ ਦੁਬਾਰਾ ਇਕੱਠੇ ਹੁੰਦੇ ਹਨ ਤਾਂ ਇਸ ਦਾ ਲਾਭ ਪੰਜਾਬ ਦੀ ਸਿਆਸੀ ਸਥਿਰਤਾ ਅਤੇ ਵਿਕਾਸ ਨੂੰ ਮਿਲ ਸਕਦਾ ਹੈ। ਵਫ਼ਦ ਨੂੰ ਮਿਲਿਆ ਇਹ ਭਰਵਾਂ ਸਮਰਥਨ ਪ੍ਰਵਾਸੀ ਪੰਜਾਬੀਆਂ ਅਤੇ ਪੰਜਾਬ ਦੀ ਰਾਜਨੀਤੀ ਵਿਚਕਾਰ ਮੌਜੂਦ ਡੂੰਘੇ ਰਿਸ਼ਤੇ ਨੂੰ ਵੀ ਦਰਸਾਉਂਦਾ ਹੈ।






# 30 ਕਿਲੋਗ੍ਰਾਮ ਹੈਰੋਇਨ ਬਰਾਮਦਗੀ ਮਾਮਲਾ: ਨਾਬਾਲਗ ਸਮੇਤ ਦੋ ਸਾਥੀ ਗ੍ਰਿਫ਼ਤਾਰ, 5 ਕਿਲੋ ਹੋਰ ਹੈਰੋਇਨ ਬਰਾਮਦ

ਅੰਮ੍ਰਿਤਸਰ
ਧੈਰਿਆ ਮਹਿਰਾ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਵਿੱਢੀ ਮੁਹਿੰਮ ਦੌਰਾਨ 30 ਕਿਲੋਗ੍ਰਾਮ ਹੈਰੋਇਨ ਬਰਾਮਦਗੀ ਮਾਮਲੇ ਵਿੱਚ ਇੱਕ ਹੋਰ ਵੱਡੀ ਸਫਲਤਾ ਹਾਸਲ ਕਰਦਿਆਂ, ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਦੋ ਵੱਖ-ਵੱਖ ਆਪਰੇਸ਼ਨਾਂ ਦੌਰਾਨ ਇੱਕ ਨਾਬਾਲਗ ਸਮੇਤ ਦੋ ਹੋਰ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਇਸ ਮਾਮਲੇ ਵਿੱਚ 5.041 ਕਿਲੋ ਹੋਰ ਹੈਰੋਇਨ ਬਰਾਮਦ ਕੀਤੀ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਅਭਿਸ਼ੇਕ ਉਰਫ਼ ਅਭੀ ਉਰਫ਼ ਭਿੰਡੀ (25) ਵਾਸੀ ਛੇਹਰਟਾ, ਅੰਮ੍ਰਿਤਸਰ ਅਤੇ ਇੱਕ ਨਾਬਾਲਗ ਵਜੋਂ ਹੋਈ ਹੈ। ਮੁਲਜ਼ਮ ਅਭਿਸ਼ੇਕ ਦਾ ਅਪਰਾਧਿਕ ਪਿਛੋਕੜ ਹੈ ਅਤੇ ਉਸ ਵਿਰੁੱਧ ਅਸਲਾ ਐਕਟ, ਐਨਡੀਪੀਐਸ ਐਕਟ, ਲੁੱਟ-ਖੋਹ ਅਤੇ ਹਮਲਾ ਨਾਲ ਸਬੰਧਤ ਅਪਰਾਧਾਂ ਤਹਿਤ ਕਈ ਮਾਮਲੇ ਦਰਜ ਹਨ। ਇਹ ਗ੍ਰਿਫਤਾਰੀ ਵੀਰਵਾਰ ਨੂੰ ਛੇ ਵਿਅਕਤੀਆਂ-ਗੌਤਮ, ਕਬੀਰ ਉਰਫ਼ ਕਾਕੂ, ਸਮੀਰ ਉਰਫ਼ ਸਭਰਵਾਲ, ਗੁਰਪ੍ਰੀਤ ਉਰਫ਼ ਕੀਦਾ ਅਤੇ ਦੋ ਨਾਬਾਲਗਾਂ ਨੂੰ 30.045 ਕਿਲੋਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤੇ ਜਾਣ ਤੋਂ ਕੁਝ ਦਿਨ ਬਾਅਦ ਹੋਈ ਹੈ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਜਾਂਚ ਦੌਰਾਨ ਪਤਾ ਲੱਗਾ ਹੈ ਕਿ ਮੁਲਜ਼ਮ ਦੁਬਈ ਸਥਿਤ ਇੱਕ ਤਸਕਰ ਜੋ ਸਰਹੱਦ ਪਾਰੋਂ ਹੈਰੋਇਨ ਦੀ ਖੇਪ ਦੀ ਸਪਲਾਈ ਵਿੱਚ ਸਹਾਇਤਾ ਕਰ ਰਿਹਾ ਸੀ, ਨਾਲ ਜੁੜੇ ਹੋਏ ਸਨ। ਉਨ੍ਹਾਂ ਦੱਸਿਆ ਕਿ ਇਸ ਨੈੱਟਵਰਕ ਵਿੱਚ ਸ਼ਾਮਲ ਹੋਰ ਸਾਥੀਆਂ ਦੀ ਪਛਾਣ ਕਰਨ, ਵਿੱਤੀ ਲੈਣ-ਦੇਣ ਦਾ ਪਤਾ ਲਗਾਉਣ ਅਤੇ ਸੰਭਾਵਿਤ ਹਵਾਲਾ ਲਿੰਕਾਂ ਦਾ ਪਤਾ ਲਗਾਉਣ ਲਈ ਅਗਲੇ-ਪਿਛਲੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਜਾਰੀ ਹੈ। ਇਸ ਆਪਰੇਸ਼ਨ ਬਾਰੇ ਜਾਣਕਾਰੀ ਦਿੰਦਿਆਂ ਕਮਿਸ਼ਨਰ ਆਫ ਪੁਲਿਸ (ਸੀਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਇੱਕ ਵੱਡੇ ਮਾਮਲੇ ਦੀ ਜਾਂਚ ਦੌਰਾਨ ਸਥਾਪਿਤ ਕੀਤੇ ਗਏ ਅਗਲੇ-ਪਿਛਲੇ ਸਬੰਧਾਂ ‘ਤੇ ਕਾਰਵਾਈ ਕਰਦਿਆਂ, ਪੁਲਿਸ ਟੀਮਾਂ ਨੇ ਗ੍ਰਿਫ਼ਤਾਰ ਮੁਲਜ਼ਮ ਕਬੀਰ ਉਰਫ਼ ਕਾਕੂ ਦੇ ਖੁਲਾਸੇ ਰਾਹੀਂ ਉਸ ਦੇ ਕਬਜ਼ੇ ਵਿੱਚੋਂ 2.006 ਕਿਲੋਗ੍ਰਾਮ ਹੋਰ ਹੈਰੋਇਨ ਬਰਾਮਦ ਕੀਤੀ ਅਤੇ ਉਸਦੇ ਦੋ ਸਾਥੀਆਂ ਨੂੰ ਵੀ ਗ੍ਰਿਫ਼ਤਾਰ ਕੀਤਾ। ਉਨ੍ਹਾਂ ਦੱਸਿਆ ਕਿ ਇੱਕ ਹੋਰ ਆਪਰੇਸ਼ਨ ਦੌਰਾਨ, ਪੁਲਿਸ ਟੀਮਾਂ ਨੂੰ ਵੰਸ਼ਦੀਪ ਸਿੰਘ ਨਾਮਕ ਇਸ ਮਾਡਿਊਲ ਦੇ ਇੱਕ ਸੰਚਾਲਕ, ਜਿਸਦੀ ਪਛਾਣ ਗ੍ਰਿਫ਼ਤਾਰ ਮੁਲਜ਼ਮ ਅਭਿਸ਼ੇਕ ਵੱਲੋਂ ਕੀਤੀ ਗਈ ਹੈ, ਨਾਲ ਹਾਦਸਾ ਵਾਪਰਨ ਬਾਰੇ ਜਾਣਕਾਰੀ ਮਿਲੀ। ਉਨ੍ਹਾਂ ਅੱਗੇ ਕਿਹਾ ਕਿ ਇਸ ਜਾਣਕਾਰੀ ‘ਤੇ ਤੁਰੰਤ ਕਾਰਵਾਈ ਕਰਦਿਆਂ, ਪੁਲਿਸ ਟੀਮਾਂ ਮੌਕੇ ‘ਤੇ ਪਹੁੰਚ ਗਈਆਂ ਅਤੇ ਜ਼ਖਮੀ ਵਿਅਕਤੀ ਨੂੰ ਹਸਪਤਾਲ ਲੈ ਗਈਆਂ।



ਸੀਪੀ ਨੇ ਦੱਸਿਆ ਕਿ ਉਸਦੇ ਐਕਟਿਵਾ ਸਕੂਟਰ ਦੀ ਤਲਾਸ਼ੀ ਦੌਰਾਨ, ਪੁਲਿਸ ਨੇ 3.035 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ। ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਵੰਸ਼ਦੀਪ ਸਿੰਘ ਕੇਂਦਰੀ ਜੇਲ੍ਹ, ਅੰਮ੍ਰਿਤਸਰ ਵਿੱਚ ਬੰਦ ਸੀ ਅਤੇ 2 ਫਰਵਰੀ, 2025 ਨੂੰ ਜ਼ਮਾਨਤ ‘ਤੇ ਬਾਹਰ ਆਇਆ ਸੀ। ਉਨ੍ਹਾਂ ਦੱਸਿਆ ਕਿ ਡਾਕਟਰਾਂ ਵੱਲੋਂ ਤੰਦਰੁਸਤ ਐਲਾਨੇ ਜਾਣ ਤੋਂ ਬਾਅਦ ਦੋਸ਼ੀ ਨੂੰ ਰਸਮੀ ਤੌਰ ‘ਤੇ ਗ੍ਰਿਫ਼ਤਾਰ ਕੀਤਾ ਜਾਵੇਗਾ। ਸੀਪੀ ਗੁਰਪ੍ਰੀਤ ਭੁੱਲਰ ਨੇ ਦੱਸਿਆ ਕਿ ਦੁਬਈ ਸਥਿਤ ਤਸਕਰ, ਜੋ ਪਹਿਲਾਂ ਹੀ ਤਿੰਨ ਵੱਡੇ ਐਨਡੀਪੀਐਸ ਮਾਮਲਿਆਂ ਵਿੱਚ ਲੋੜੀਂਦਾ ਹੈ, ਮੁਲਜ਼ਮਾਂ ਨਾਲ ਖੇਪਾਂ ਦੀ ਲੋਕੇਸ਼ਨ ਸਾਂਝੀ ਕਰਦਾ ਸੀ ਅਤੇ ਮੁਲਜ਼ਮ ਆਪਣੇ ਸਾਥੀਆਂ ਨਾਲ ਮਿਲ ਕੇ, ਨਿਰਧਾਰਤ ਥਾਵਾਂ ਤੋਂ ਖੇਪਾਂ ਪ੍ਰਾਪਤ ਕਰਦੇ ਸਨ ਅਤੇ ਅੱਗੇ ਵੱਖ-ਵੱਖ ਪ੍ਰਾਪਤਕਰਤਾਵਾਂ ਨੂੰ ਸਪਲਾਈ ਕਰਦੇ ਸਨ। ਇਸ ਸਬੰਧੀ, ਨਵੀਂ ਐਫਆਈਆਰ ਨੰਬਰ 131 ਮਿਤੀ 14.06.2026 ਨੂੰ ਐਨਡੀਪੀਐਸ ਐਕਟ ਦੀ ਧਾਰਾ 21-ਸੀ ਅਤੇ 25 ਤਹਿਤ ਅੰਮ੍ਰਿਤਸਰ ਦੇ ਪੁਲਿਸ ਸਟੇਸ਼ਨ ਛੇਹਰਟਾ ਵਿਖੇ ਦਰਜ ਕੀਤੀ ਗਈ ਹੈ।


CIS
CALIFORNIA
IMMIGRATION SERVICES
YOUR REGISTERED & BONDED "IMMIGRATION-CONSULTANTS"
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com

# ਹਿੱਲ ਸਟੇਸ਼ਨਾਂ ’ਤੇ ਵਧ ਰਹੀ ਭੀੜ
# ਕੁਦਰਤ ਦਾ ਸਕੂਨ ਜਾਂ ਸੋਸ਼ਲ ਮੀਡੀਆ ਦੀ ਚਕਾਚੌਂਧ?



ਗੁਰਸੇਵਕ ਸਿੰਘ ਝੁਨੀਰ
ਪੰਜਾਬੀ ਮਾਸਟਰ
ਸਸਸਸ ਫੱਤਾ ਮਾਲੋਕਾ (ਮਾਨਸਾ)
9815046042

ਗਰਮੀਆਂ ਦੀਆਂ ਛੁੱਟੀਆਂ ਸ਼ੁਰੂ ਹੁੰਦਿਆਂ ਹੀ ਮੈਦਾਨੀ ਇਲਾਕਿਆਂ ਦੀ ਤਪਸ਼ ਤੋਂ ਬਚਣ ਲਈ ਲੋਕ ਪਹਾੜਾਂ ਵੱਲ ਦੌੜਦੇ ਹਨ। ਸ਼ਿਮਲਾ, ਮਨਾਲੀ, ਧਰਮਸ਼ਾਲਾ, ਨੈਨੀਤਾਲ ਅਤੇ ਸ੍ਰੀਨਗਰ ਵਰਗੇ ਪ੍ਰਸਿੱਧ ਹਿੱਲ ਸਟੇਸ਼ਨਾਂ ’ਤੇ ਅੱਜ-ਕੱਲ੍ਹ ਪੈਰ ਰੱਖਣ ਨੂੰ ਜਗ੍ਹਾ ਨਹੀਂ ਮਿਲ ਰਹੀ। ਪਰ ਇੱਥੇ ਇੱਕ ਵੱਡਾ ਸਵਾਲ ਖੜ੍ਹਾ ਹੁੰਦਾ ਹੈ ਜਿਨ੍ਹਾਂ ਪਹਾੜਾਂ ਦੀ ਸ਼ਾਂਤੀ ਅਤੇ ਸਾਫ਼-ਸੁਥਰੀ ਹਵਾ ਸਾਨੂੰ ਆਪਣੇ ਵੱਲ ਖਿੱਚਦੀ ਸੀ, ਕੀ ਅੱਜ ਉਹ ਖ਼ੁਦ ਮਨੁੱਖੀ ਲਾਲਚ ਅਤੇ ਬੇਮੁਹਾਰੀ ਭੀੜ ਦੇ ਬੋਝ ਹੇਠ ਦੱਬ ਕੇ ਕਰਾਹ ਨਹੀਂ ਰਹੇ? ਹਿੱਲ ਸਟੇਸ਼ਨਾਂ ’ਤੇ ਵਧ ਰਹੀ ਇਹ ਬੇਤਹਾਸ਼ਾ ਭੀੜ ਅੱਜ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਬਣ ਚੁੱਕੀ ਹੈ।

ਕੁਦਰਤ ਨਾਲੋਂ ਟੁੱਟਦਾ ਨਾਤਾ, ਰੀਲਾਂ ਦਾ ਵਧਦਾ ਕ੍ਰੇਜ਼

ਸਭ ਤੋਂ ਦੁਖਦਾਈ ਪਹਿਲੂ ਇਹ ਹੈ ਕਿ ਅੱਜ-ਕੱਲ੍ਹ ਪਹਾੜਾਂ ਵਿੱਚ ਜਾਣ ਵਾਲੇ ਸੈਲਾਨੀਆਂ ਦੀ ਮਾਨਸਿਕਤਾ ਪੂਰੀ ਤਰ੍ਹਾਂ ਬਦਲ ਚੁੱਕੀ ਹੈ। ਲੋਕ ਹੁਣ ਕੁਦਰਤ ਦਾ ਸ਼ਾਂਤਮਈ ਆਨੰਦ ਲੈਣ, ਹਰੇ-ਭਰੇ ਰੁੱਖਾਂ ਨੂੰ ਨਿਹਾਰਨ ਅਤੇ ਪਹਾੜੀ ਹਵਾ ਦਾ ਨਿੱਘ ਮਾਨਣ ਘੱਟ ਜਾਂਦੇ ਹਨ, ਬਲਕਿ ਸੋਸ਼ਲ ਮੀਡੀਆ ਲਈ ਰੀਲਾਂ (ਰ੍ਇਲਸ) ਅਤੇ ਫੋਟੋਆਂ ਖਿੱਚਣ ਵੱਧ ਜਾ ਰਹੇ ਹਨ।

ਹਰ ਖ਼ੂਬਸੂਰਤ ਮੋੜ, ਝਰਨੇ ਜਾਂ ਖ਼ਤਰਨਾਕ ਪਹਾੜੀ ਕਿਨਾਰੇ ’ਤੇ ਸੈਲਾਨੀ ਕੈਮਰੇ ਤਾਣ ਕੇ ਖੜ੍ਹੇ ਦਿਖਾਈ ਦਿੰਦੇ ਹਨ। ਕਈ ਵਾਰ ਤਾਂ ਸਿਰਫ਼ ਇੱਕ 15-ਸੈਕਿੰਡ ਦੀ ਵੀਡੀਓ ਬਣਾਉਣ ਦੇ ਚੱਕਰ ਵਿੱਚ ਲੋਕ ਆਪਣੀ ਅਤੇ ਦੂਜਿਆਂ ਦੀ ਜਾਨ ਵੀ ਜੋਖ਼ਮ ਵਿੱਚ ਪਾ ਦਿੰਦੇ ਹਨ। ਕੁਦਰਤ ਦੇ ਸੁਹੱਪਣ ਨੂੰ ਅੱਖਾਂ ਰਾਹੀਂ ਰੂਹ ਵਿੱਚ ਵਸਾਉਣ ਦੀ ਬਜਾਏ, ਉਸ ਨੂੰ ਮੋਬਾਈਲ ਦੀ ਸਕ੍ਰੀਨ ਤੱਕ ਸੀਮਤ ਕਰ ਦਿੱਤਾ ਗਿਆ ਹੈ। ਦਿਖਾਵੇ ਦੀ ਇਸ ਦੌੜ ਨੇ ਪਹਾੜਾਂ ਦੀ ਅਸਲ ਰੂਹ ਅਤੇ ਸ਼ਾਂਤੀ ਨੂੰ ਲਗਭਗ ਖ਼ਤਮ ਕਰ ਦਿੱਤਾ ਹੈ।



ਪਹਾੜਾਂ ’ਤੇ ਪੈ ਰਿਹਾ ਮਾਰੂ ਪ੍ਰਭਾਵ

ਇਸ ਬੇਕਾਬੂ ਸੈਲਾਨੀ ਸੰਖਿਆ ਅਤੇ 'ਦਿਖਾਵੇ ਦੇ ਸੱਭਿਆਚਾਰ' ਕਾਰਨ ਹਿੱਲ ਸਟੇਸ਼ਨਾਂ ਨੂੰ ਕਈ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ,ਸੋਸ਼ਲ ਮੀਡੀਆ 'ਤੇ ਖ਼ੂਬਸੂਰਤ ਵੀਡੀਓ ਪਾਉਣ ਵਾਲੇ ਇਹ ਸੈਲਾਨੀ ਆਪਣੇ ਪਿੱਛੇ ਪਲਾਸਟਿਕ ਦੀਆਂ ਬੋਤਲਾਂ, ਚਿਪਸ ਦੇ ਪੈਕੇਟ ਅਤੇ ਕੂੜੇ ਦੇ ਅੰਬਾਰ ਛੱਡ ਆਉਂਦੇ ਹਨ, ਜਿਸ ਨਾਲ ਪਹਾੜਾਂ ਦਾ ਨਾਜ਼ੁਕ ਵਾਤਾਵਰਣ ਦੂਸ਼ਿਤ ਹੋ ਰਹੀ ਹੈ।

ਕਈ ਕਿਲੋਮੀਟਰ ਲੰਬੇ ਟ੍ਰੈਫਿਕ ਜਾਮ ਹੁਣ ਪਹਾੜਾਂ ਦੀ ਨਵੀਂ ਪਛਾਣ ਬਣ ਗਏ ਹਨ। ਗੱਡੀਆਂ ਦੇ ਧੂਏਂ ਕਾਰਨ ਉੱਥੋਂ ਦਾ ਤਾਪਮਾਨ ਵਧ ਰਿਹਾ ਹੈ ਅਤੇ ਗਲੇਸ਼ੀਅਰ ਪਿਘਲ ਰਹੇ ਹਨ। ਮੈਂ ਹੰਪਟਾ ਦੀਆਂ ਵਾਦੀਆਂ ਵਿੱਚ ਇਹ ਸੋਚ ਕੇ ਗਿਆ ਸੀ ਕਿ ਕੁਦਰਤ ਦੀ ਗੋਦ ਵਿੱਚ ਬੈਠ ਕੇ ਦੋ ਪਲ ਆਪਣੇ ਅੰਦਰ ਦੀ ਖਾਮੋਸ਼ੀ ਨੂੰ ਸੁਣਾਂਗਾ। ਪਰ ਉੱਥੇ ਜਾ ਕੇ ਦੇਖਿਆ ਕਿ ਇਨਸਾਨ ਨੇ ਪਹਾੜਾਂ 'ਤੇ ਭੀੜ ਤਾਂ ਇਕੱਠੀ ਕਰ ਲਈ ਹੈ, ਪਰ ਕੁਦਰਤ ਨਾਲ ਮੁਹੱਬਤ ਕਰਨ ਵਾਲੇ ਦਿਲ ਕਿਧਰੇ ਗੁਆਚ ਗਏ ਨੇ। ਜਿਨ੍ਹਾਂ ਪਹਾੜਾਂ ਦੀ ਆਪਣੀ ਇੱਕ ਰੂਹਾਨੀ ਚੁੱਪ ਹੁੰਦੀ ਹੈ, ਜਿੱਥੇ ਹਵਾਵਾਂ ਦੀ ਸਰਸਰਾਹਟ ਅਤੇ ਵਗਦੇ ਝਰਨਿਆਂ ਦਾ ਸੰਗੀਤ ਹੁੰਦਾ ਹੈ, ਉੱਥੇ ਲੋਕ ਵੱਡੇ-ਵੱਡੇ ਸਪੀਕਰਾਂ ਦਾ ਸ਼ੋਰ ਵੇਚ ਰਹੇ ਸਨ। ਜਿਸ ਥਾਂ ਬੰਦਾ ਰੂਹ ਦੇ ਸਕੂਨ ਲਈ ਆਉਂਦਾ ਹੈ, ਉੱਥੇ ਵੀ ਸ਼ਹਿਰਾਂ ਵਰਗਾ ਹੰਗਾਮਾ ਦੇਖ ਕੇ ਦਿਲ ਭਰ ਆਇਆ।"ਅਫ਼ਸੋਸ ਦੀ ਗੱਲ ਹੈ ਕਿ ਲਗਭਗ 80% ਲੋਕ ਸਿਰਫ਼ ਰੀਲਾਂ ਬਣਾਉਣ ਅਤੇ ਕੈਮਰੇ ਦੀ ਅੱਖ ਰਾਹੀਂ ਦੁਨੀਆ ਨੂੰ ਪ੍ਰਭਾਵਿਤ ਕਰਨ ਵਿੱਚ ਰੁੱਝੇ ਹੋਏ ਸਨ। ਕਿਸੇ ਕੋਲ ਇੰਨਾ ਸਮਾਂ ਹੀ ਨਹੀਂ ਸੀ ਕਿ ਉਹ ਫ਼ੋਨ ਨੂੰ ਪਾਸੇ ਰੱਖ ਕੇ, ਕੁਦਰਤ ਦੇ ਹਸੀਨ ਨਜ਼ਾਰਿਆਂ ਕੋਲ ਬੈਠ ਕੇ, ਉਸਦੀ ਅਸਲ ਖ਼ੂਬਸੂਰਤੀ ਨੂੰ ਅੱਖਾਂ ਰਸਤੇ ਰੂਹ ਵਿੱਚ ਉਤਾਰ ਸਕੇ। ਇਹ ਯਾਤਰਾਵਾਂ ਹੁਣ 'ਖੁਦ ਨੂੰ ਲੱਭਣ' ਦੀਆਂ ਨਹੀਂ, ਸਿਰਫ਼ 'ਦਿਖਾਵੇ ਦੀਆਂ' ਬਣ ਕੇ ਰਹਿ ਗਈਆਂ ਨੇ। ਪਹਾੜ ਤਾਂ ਉੱਥੇ ਹੀ ਖੜ੍ਹੇ ਨੇ, ਪਰ ਅਸੀਂ ਆਪਣੀ ਸਾਦਗੀ ਅਤੇ ਕੁਦਰਤ ਪ੍ਰਤੀ ਸਤਿਕਾਰ ਗੁਆਉਂਦੇ ਜਾ ਰਹੇ ਹਾਂ।

ਹੱਲ ਅਤੇ ਸਾਡੀ ਜ਼ਿੰਮੇਵਾਰੀ

ਜੇਕਰ ਅਸੀਂ ਚਾਹੁੰਦੇ ਹਾਂ ਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਵੀ ਪਹਾੜਾਂ ਦੇ ਅਸਲ ਸੁਹੱਪਣ ਦਾ ਆਨੰਦ ਲੈ ਸਕਣ, ਤਾਂ ਸਾਨੂੰ ਅੱਜ ਹੀ ਸੰਭਲਣਾ ਪਵੇਗਾ:ਸਾਨੂੰ ਇਹ ਸਮਝਣਾ ਪਵੇਗਾ ਕਿ ਪਹਾੜ ਕੋਈ 'ਫੋਟੋ ਸ਼ੂਟ ਦਾ ਸੈੱਟ' ਨਹੀਂ, ਬਲਕਿ ਇੱਕ ਸੰਵੇਦਨਸ਼ੀਲ ਇਕੋ-ਸਿਸਟਮ ਹਨ। ਉੱਥੇ ਜਾ ਕੇ ਮੋਬਾਈਲ ਫੋਨਾਂ ਨੂੰ ਥੋੜ੍ਹੀ ਦੇਰ ਪਾਸੇ ਰੱਖ ਕੇ ਕੁਦਰਤ ਨੂੰ ਮਹਿਸੂਸ ਕਰਨਾ ਸਿੱਖੀਏ।

ਸਰਕਾਰਾਂ ਨੂੰ ਹਿੱਲ ਸਟੇਸ਼ਨਾਂ ’ਤੇ ਜਾਣ ਵਾਲੀਆਂ ਗੱਡੀਆਂ ਦੀ ਗਿਣਤੀ ਤੈਅ (ਛਓਪ) ਕਰਨੀ ਚਾਹੀਦੀ ਹੈ ਅਤੇ ਹੁੜਦੰਗ ਮਚਾਉਣ ਜਾਂ ਗੰਦਗੀ ਫੈਲਾਉਣ ਵਾਲਿਆਂ ’ਤੇ ਭਾਰੀ ਜੁਰਮਾਨੇ ਲਗਾਉਣੇ ਚਾਹੀਦੇ ਹਨ।

ਸਾਰੀ ਭੀੜ ਇੱਕੋ ਜਗ੍ਹਾ ਇਕੱਠੀ ਕਰਨ ਦੀ ਬਜਾਏ, ਸਰਕਾਰ ਅਤੇ ਸੈਲਾਨੀਆਂ ਨੂੰ ਅਣਗੌਲੇ, ਸ਼ਾਂਤ ਅਤੇ ਪੇਂਡੂ ਇਲਾਕਿਆਂ ਵੱਲ ਰੁਖ਼ ਕਰਨਾ ਚਾਹੀਦਾ ਹੈ।

ਪਹਾੜਾਂ ਦੀ ਯਾਤਰਾ ਮਨ ਦੀ ਸ਼ਾਂਤੀ ਅਤੇ ਖ਼ੁਦ ਨੂੰ ਮੁੜ ਸੁਰਜੀਤ ਕਰਨ ਲਈ ਹੁੰਦੀ ਹੈ, ਨਾ ਕਿ ਸੋਸ਼ਲ ਮੀਡੀਆ 'ਤੇ 'ਲਾਈਕਸ' ਅਤੇ 'ਵਿਊਜ਼' ਬਟੋਰਨ ਲਈ। ਆਓ ਇੱਕ ਜਾਗਰੂਕ ਅਤੇ ਜ਼ਿੰਮੇਵਾਰ ਨਾਗਰਿਕ ਬਣੀਏ, ਤਾਂ ਜੋ ਕੁਦਰਤ ਦੀ ਇਹ ਬੇਸ਼ਕੀਮਤੀ ਸੌਗਾਤ ਸਦਾ ਹਰੀ-ਭਰੀ, ਸ਼ਾਂਤ ਅਤੇ ਸੁਰੱਖਿਅਤ ਰਹਿ ਸਕੇ। ਪਹਾੜਾਂ ਨੂੰ ਮਾਣੋ, ਪਰ ਉਨ੍ਹਾਂ ਦੀ ਰੂਹ ਨੂੰ ਜ਼ਖਮੀ ਕੀਤੇ ਬਿਨਾਂ।







ATWAL
IMMIGRATION SERVICES
ATWAL
TAX & IMMIGRATION
SERVICES
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682


GHUMAN
LAW GROUP INC.
Ghuman Law Group
ਤੁਹਾਡੇ ਲਈ ਲੈ ਕੇ ਆਏ ਨੇ
AMERICA ਵਿੱਚ
BUSINESS ਕਰਨ ਦਾ ਸੁਨਿਹਰੀ ਮੌਕਾ !
ਜੇਕਰ ਤੁਸੀਂ Canada, England, Australia,
New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ
ਆਓ E-2 Investor Visa ਰਾਹੀਂ
ਸਿਰਫ $25,000 ਦੀ ਘੱਟੋ-ਘੱਟ Investment
ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ
PASSPORT
GHUMAN LAW GROUP
ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ
ਪੂਰੀ ਮਦਦ ਕਰੇਗਾ
ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ
ਪਰਿਵਾਰ ਸਮੇਤ ਆਉਣ ਦਾ ਵਧੀਆ ਮੌਕਾ
2 ਸਾਲ ਦਾ Work Permit
Spouse ਨੂੰ ਮਿਲੇਗਾ Open Work Permit
ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ
ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ
MON - FRI, 9:00 AM - 3:00 PM
+1 (223) 300-0001 | www.ghumanlawgroup.org
2450 VENTURE OAKS WAY, STE 225 SACRAMENTO, CA

Gillson
TRUCKING INC

# NOW HIRING
## TRUCK DRIVERS
## CLASS A CDL



- ✓ Signing Bonus
- ✓ Top pay
- ✓ Mileage Pay
- ✓ Great Benefits
- ✓ Over the Road or Local Routes
- ✓ Reefers and Dry Van Operations
- ✓ No touch freight



### SKILLS
- ✓ Responsible truck driver.
- ✓ Experience with electronic equipment.
- ✓ Ability to travel regularly.
- ✓ Adaptivity and foresight to handle unexpected situations (traffic, weather conditions and roads, etc.)

### RESPONSIBILITIES
- ✓ Safely operating assigned vehicles.
- ✓ The Vehicles are maintained and serviced as needed.
- ✓ Report any vehicle defects for repair.
- ✓ Make safety a priority at all times.
- ✓ Comply with standard federal laws and with company. policies and procedures.

### PAY
- ✓ Average pay: $0.45-$0.60 cents/mile
- ✓ Weekly direct deposits
- ✓ Bonuses for clean inspections
- ✓ High mileage bonuses

### NEWER EQUIPMENT
FREIGHTLINER AND VOLVO 2020 AND PRESENT
RESET PAY AWAY FROM TERMINALS– STOCKTON,. CA AND DAYTON, OHIO

Flexible Home Time | Pet Friendly | Rider Policy

SCAN QR CODE FOR
APPLY NOW

HEALTH BENEFITS: Health | Dental | Vision

1801 E Dr. Martin Luther King Jr. Blvd.
Stockton, CA 95205

925-400-9094 ext. 116, ext. 130 and ext. 144

info@teamgillson.com



GET IN TOUCH gillsontrucking company/gillsontrucking www.teamgillson.com



ਬਰਜਿੰਦਰ ਕੌਰ ਬਿਸਰਾਓ
99889-01324

# ਨਵੀਂ ਸ਼ੁਰੂਆਤ

ਸੀਤੋ ਦੇ ਆਦਮੀ ਪਾਲੇ ਨੂੰ ਮੁੱਕੇ ਨੂੰ ਬਾਰਾਂ ਵਰ੍ਹੇ ਹੋ ਗਏ ਸਨ। ਉਹ ਜਿਨ੍ਹਾਂ ਦੇ ਸੀਰੀ ਰਲ਼ਿਆ ਹੋਇਆ ਸੀ, ਜਦ ਕਦੇ ਰਾਤ ਨੂੰ ਖੇਤਾਂ ਨੂੰ ਪਾਣੀ ਲਾਉਣ ਦੀ ਵਾਰੀ ਹੋਣੀ,ਉੱਥੇ ਈ ਮੋਟਰ ਤੇ ਘਰ ਦੀ ਕੱਢੀ ਸ਼ਰਾਬ ਪੀ ਕੇ ਰਾਤ ਨੂੰ ਸੌਂ ਜਾਣਾ , ਜੇ ਵਾਰੀ ਨਾ ਹੋਣੀ ਤਾਂ ਉਸ ਨੇ ਚੋਰੀ ਚੋਰੀ ਡਰੰਮੀ ਵਿੱਚੋਂ ਸ਼ਰਾਬ ਬੋਤਲ ਭਰ ਕੇ ਘਰ ਲਿਆ ਕੇ ਪੀ ਲੈਣੀ। ਅੰਦਰ ਤਾਂ ਉਸ ਦਾ ਘਰ ਦੀ ਕੱਢੀ ਦਾਰੂ ਨੇ ਫੂਕਿਆ ਪਿਆ ਸੀ। ਪਹਿਲਾਂ ਪੀਲੀਆ ਹੋਇਆ ਤੇ ਫੇਰ ਵਿਗੜ ਕੇ ਕਾਲ਼ਾ ਪੀਲੀਆ ਹੋ ਗਿਆ। ਪੰਜਾਂ ਛੇਆਂ ਮਹੀਨਿਆਂ ਵਿੱਚ ਹੀ ਉਹ ਇਸ ਦੁਨੀਆਂ ਤੋਂ ਰੁਖ਼ਸਤ ਹੋ ਗਿਆ ਸੀ। ਤਿੰਨਾਂ ਸਾਲਾਂ ਦੀ ਕੁੜੀ ਤੇ ਡੇਢ ਸਾਲ ਦਾ ਕੁੱਛੜ ਮੁੰਡਾ ਪਾਲਣ ਦੀ ਜ਼ਿੰਮੇਵਾਰੀ ਸੀਤੋ ਦੇ ਗਲ਼ ਪੈ ਗਈ ਸੀ। ਪਿੰਡੋਂ ਬਾਹਰ ਵਿਹੜੇ ਵਿੱਚ ਨਿੱਕਾ ਜਿਹਾ ਘਰ ਸੀ। ਜਿਸ ਵਿੱਚ ਇੱਕ ਕੱਚਾ ਕਮਰਾ ਤੇ ਵਿਹੜੇ ਵਿੱਚ ਰੋਟੀ ਟੁੱਕ ਬਣਾਉਣ ਲਈ ਕਮਰੇ ਦੇ ਨਾਲ ਹੀ ਇੱਕ ਪਾਸੇ ਇੱਕ ਚੁੱਲ੍ਹਾ ਤੇ ਇੱਕ ਹਾਰਾ ਬਣਾਇਆ ਹੋਇਆ ਸੀ। ਕੱਚਾ ਵਿਹੜਾ ਸੀ ਤੇ ਇੱਕ ਪਾਸੇ ਨਲਕਾ ਲੱਗਿਆ ਹੋਇਆ ਸੀ ਜਿਸ ਦੇ ਮੂਹਰੇ ਉੱਘੜ ਦੁੱਘੜੀਆਂ ਇੱਟਾਂ ਜਿਲੀ ਨਾ਼ਲ ਭਰੀਆਂ ਹੋਈਆਂ ਸਨ। ਜਦੋਂ ਤੋਂ ਪਾਲਾ ਇਸ ਜਹਾਨੋਂ ਤੁਰ ਗਿਆ ਸੀ, ਉਦੋਂ ਤੋਂ ਹੀ ਸੀਤੋ ਉਹਨਾਂ ਜ਼ਿਮੀਂਦਾਰਾਂ ਦੇ ਘਰ ਰੋਟੀ ਟੁੱਕ ਬਣਾਉਣ ਦਾ ਕੰਮ ਕਰਨ ਲੱਗ ਗਈ ਸੀ ਜਿਹਨਾਂ ਦੇ ਪਾਲਾ ਰਲ਼ਿਆ ਹੋਇਆ ਸੀ ।ਉਸ ਦਾ ਗੁਜ਼ਾਰਾ ਚੱਲੀ ਜਾਂਦਾ ਸੀ।

ਕਿੰਨੇ ਵਰ੍ਹੇ ਹੋ ਗਏ ਸਨ,ਜ਼ਿਮੀਂਦਾਰਾਂ ਦੇ ਸਿਰ ਤੇ ਉਹ ਆਪਣਾ ਔਖਾ ਸਮਾਂ ਕੱਢ ਰਹੀ ਸੀ। ਗਿੰਦੀ ਪੰਦਰਵੇਂ ਸਾਲ ਵਿੱਚ ਸੀ ਤੇ ਪਿੰਡ ਦੇ ਸਕੂਲ ਤੋਂ ਹੀ ਅੱਠਵੀਂ ਪਾਸ ਕਰਕੇ ਹਟੀ ਸੀ,ਮੁੰਡਾ ਪੰਮਾ ਉਸ ਤੋਂ ਡੇਢ ਕੁ ਸਾਲ ਛੋਟਾ ਸੀ ਤੇ ਉਹ ਵੀ ਪਿੰਡ ਦੇ ਸਕੂਲ ਈ ਪੰਜਵੀਂ ਜਮਾਤ ਵਿੱਚ ਪੜ੍ਹਦਾ ਸੀ।

ਸੀਤੋ ਦੇ ਘਰੇ ਉਸ ਦੀ ਪੇਕਿਆਂ ਦੀ ਦੂਰ ਦੀ ਰਿਸ਼ਤੇਦਾਰੀ ਵਿੱਚੋਂ ਲੱਗਦੇ ਮਾਮੇ ਦੀ ਕੁੜੀ ਦਾ ਬਹੁਤ ਆਉਣਾ ਜਾਣਾ ਸੀ ਕਿਉਂਕਿ ਉਹ ਨਾ਼ਲ ਦੇ ਪਿੰਡ ਈ ਵਿਆਹੀ ਹੋਈ ਸੀ।ਉਹ ਥੋੜ੍ਹੇ ਜਿਹੇ ਦਿਨਾਂ ਬਾਅਦ ਹੀ ਆਪਣੇ ਛੋਟੇ ਮੁੰਡੇ ਪਾਲੀ ਨਾਲ ਸਾਈਕਲ ਦੇ ਮਗਰ ਬਹਿ ਕੇ ਮਿ਼ਲਣ ਆ ਜਾਂਦੀ। ਜਦ ਟਾਈਮ ਲੱਗਦਾ ਇਹ ਵੀ ਕਦੇ ਕਦਾਈਂ ਜਾ ਕੇ ਮਿ਼ਲ ਆਉਂਦੀ। ਗਿੰਦੀ ਉਸ ਦੇ ਮੁੰਡੇ ਦੇ ਰੱਖੜੀ ਵੀ ਬੰਨ੍ਹਦੀ ਸੀ। ਪਰ ਅੱਲੜ੍ਹ ਉਮਰ ਜ਼ਿੰਦਗੀ ਦਾ ਇਹੋ ਜਿਹਾ ਪੜਾਅ ਹੁੰਦਾ ਹੈ ਕਿ ਉਸ ਸਮੇਂ ਆਪਣੇ ਸੁਪਨਿਆਂ ਦਾ ਸੰਸਾਰ ਹੀ ਨਜ਼ਰ ਆਉਂਦਾ ਹੈ,ਹੋਰ ਦੁਨੀਆਂ ਤਾਂ ਦਿਸਦੀ ਈ ਨਹੀਂ। ਪਾਲੀ ਨੇ ਆਪਣੇ ਘਰੇ ਗਿੰਦੀ ਨਾਲ ਵਿਆਹ ਕਰਵਾਉਣ ਦਾ ਰੌ਼ਲਾ ਪਾ ਲਿਆ,ਓਧਰ ਗਿੰਦੀ ਨੇ ਮਾਂ ਨੂੰ ਸਾਫ਼ ਸਾਫ਼ ਕਹਿ ਦਿੱਤਾ ਕਿ ਉਸ ਨੇ ਵਿਆਹ ਪਾਲੀ ਨਾ਼ਲ ਹੀ ਕਰਵਾਉਣਾ ਹੈ। ਸੀਤੋ ਨੇ ਬਥੇਰਾ ਸਮਝਾਇਆ ਤੇ ਕਿਹਾ," .... ਤੈਨੂੰ ਵਿਆਹ ਦੀ ਅੱਗ ਲੱਗੀ ਹੋਈ ਐ..... ਹਜੇ ਪੰਦਰਵਾਂ ਸਾਲ ਲੱਗਿਆ ਤੈਨੂੰ...... ਓਹਦੇ ਹੁਣ ਤੱਕ ਤੂੰ ਰੱਖੜੀ ਬੰਨ੍ਹਦੀ ਰਹੀ ਐਂ..... ਮੈਂ ਤਾਂ ਨੀ ਤੈਨੂੰ ਓਹਦੇ ਨਾਲ ਲਾਵਾਂ ਦੇ ਕੇ ਤੋਰ ਸਕਦੀ .... ।" ਪਰ ਕੁੜੀ ਦੀ ਬੁੱਧੀ ਭ੍ਰਿਸ਼ਟ ਹੋ ਗਈ ਸੀ,ਉਹ ਟਸ ਤੋਂ ਮਸ ਨਾ ਹੋਈ। ਉਸ ਨੇ ਪਾਲੀ ਨਾ਼ਲ ਵਿਆਹ ਕਰਵਾਉਣ ਦੀ ਇੱਕੋ ਜ਼ਿੱਦ ਫੜੀ ਹੋਈ ਸੀ। ਇੱਕ ਦਿਨ ਤਾਂ ਉਹ ਦਵਾਈ ਪੀਣ ਲੱਗੀ ਸੀ, ਮਾਂ ਨੇ ਮਸਾਂ ਸ਼ੀਸ਼ੀ ਖੋਹੀ। ਗਿੰਦੀ ਇਹ ਲੱਛਣ ਦੇਖ ਕੇ ਸੀਤੋ ਨੇ ਨਿੱਤ ਦੇ ਕਲੇਸ਼ ਨੂੰ ਖ਼ਤਮ ਕਰਨ ਲਈ ਉਸ ਨੂੰ ਆਖ ਦਿੱਤਾ," ..... ਮੇਰੇ ਵੱਲੋਂ ਤੂੰ ਢੱਠੇ ਖੂਹ ਵਿੱਚ ਛਾਲ ਮਾਰਦੇ..... ਆਹ ਘਰ ਦਾ ਦਰਵਾਜ਼ਾ ਖੁੱਲ੍ਹਾ ਹੈ..... ਆਪਣੀ ਮਰਜ਼ੀ ਨਾਲ ਜਾਣਾ ਚਲੀ ਜਾਹ.... ਪਰ ਮੈਂ ਗੁਰਦੁਆਰੇ ਅਨੰਦ ਦੇ ਕੇ ਨੀ ਤੈਨੂੰ ਤੋਰਨਾ......!" ਗਿੰਦੀ ਨੇ ਸੱਚੀਂ ਕਿਸੇ ਨੂੰ ਸੁਨੇਹਾ ਦੇ ਕੇ ਪਾਲੀ ਨੂੰ ਬੁਲਾਇਆ ਤੇ ਮਾਂ ਦੇ ਸਾਹਮਣੇ ਈ ਘਰ ਛੱਡ ਕੇ ਉਸ ਦੇ ਸਾਈਕਲ ਮਗਰ ਬਹਿ ਕੇ ਚਲੀ ਗਈ। ਸੀਤੋ ਉਸ ਦੇ ਜਾਣ ਤੋਂ ਬਾਅਦ ਬਹੁਤ ਰੋਈ, ਕਿੰਨਾ ਚਿਰ ਵਿਹੜੇ ਵਿੱਚ ਮੰਜੇ ਤੇ ਬੈਠੀ ਕੀਰਨੇ ਪਾਉਂਦੀ ਰਹੀ ਜਿਵੇਂ ਕੋਈ ਮਰ ਗਿਆ ਹੋਵੇ। ਸੀਤੋ ਬਹੁਤ ਬੇਬਸ ਸੀ। ਸ਼ਰੀਕ ਉਸ ਤੇ ਹੱਸਦੇ ਸਨ। ਓਧਰ ਪਾਲੀ ਦੀ ਮਾਂ ਨੇ ਵੀ ਉਹਨਾਂ ਦਾ ਕੋਈ ਚਾਅ ਨਾ ਕੀਤਾ। ਉਹਨਾਂ ਨੂੰ ਘਰ ਵਿੱਚ ਰਹਿਣ ਲਈ ਕਮਰਾ ਦੇਣ ਦੀ ਬਜਾਏ ਡੰਗਰਾਂ ਵਾਲੇ ਕਮਰੇ ਦੇ ਨਾਲ ਹੀ ਤੂੜੀ ਵਾ਼ਲਾ ਕੱਚਾ ਜਿਹਾ ਕੋਠਾ ਖਾਲੀ ਪਿਆ ਸੀ ,ਉਸੇ ਵਿੱਚ ਰਹਿਣ ਲਈ ਆਖ ਦਿੱਤਾ। ਪਰ ਗਿੰਦੀ ਤੇ ਪਾਲੀ ਬਹੁਤੀ ਛੋਟੀ ਉਮਰ ਦੇ ਹੋਣ ਕਰਕੇ ਉਹ ਉੱਥੇ ਵੀ ਖੁਸ਼ ਸਨ। ਗਿੰਦੀ ਦੀ ਸੱਸ ਸਾਰਾ ਦਿਨ ਉਸ ਤੋਂ ਕੰਮ ਕਰਵਾਉਂਦੀ, ਉਸ ਨਾ਼ਲ ਨੌਕਰਾਂ ਤੋਂ ਵੀ ਬਦਤਰ ਸਲੂਕ ਕਰਦੀ ਤੇ ਕਦੇ ਸਿੱਧੇ ਮੂੰਹ ਨਾ ਬੁਲਾਉਂਦੀ। ਫਿਰ ਵੀ ਉਹ ਦੋਵੇਂ ਜਣੇ ਬਹੁਤ ਖੁਸ਼ ਸਨ ਕਿਉਂਕਿ ਇੱਕ ਦੂਜੇ ਦਾ ਸਾਥ ਮਿਲਣਾ ਈ ਉਹਨਾਂ ਨੂੰ ਬਹੁਤ ਵੱਡੀ ਪ੍ਰਾਪਤੀ ਲੱਗਦੀ ਸੀ। ਪਾਲੀ ਦਾ ਵੱਡਾ ਭਰਾ ਨਸ਼ੇੜੀ ਸੀ ,ਉਹ ਹਰ ਵੇ਼ਲੇ ਬਾਹਰ ਨਸ਼ੇੜੀਆਂ ਨਾ਼ਲ ਤੁਰਿਆ ਫਿਰਦਾ,ਕਿੰਨੇ ਕਿੰਨੇ ਦਿਨ ਘਰ ਨਾ ਵੜਦਾ। ਘਰ ਵਿੱਚ ਗਿੰਦੀ ਪ੍ਰਤੀ ਸਾਰਿਆਂ ਦਾ ਵਰਤਾਰਾ ਬਹੁਤ ਭੈੜਾ ਅਤੇ ਨਫ਼ਰਤ ਭਰਿਆ ਸੀ।ਜੇ ਕਿਤੇ ਉਹ ਪਰਿਵਾਰ ਵਿੱਚ ਬੈਠਣ ਲੱਗਦੀ ਤਾਂ ਉਸ ਦੀ ਸੱਸ ਉਸ ਨੂੰ ਉੱਥੋਂ ਭਜਾ ਦਿੰਦੀ ਤੇ ਆਖਦੀ,"....ਜਾਹ ਨੀ ਏਥੋਂ..... ਦਫ਼ਾ ਹੋ ਆਪਦੇ ਕਮਰੇ ਵਿੱਚ.... ਕਿੱਥੋਂ ਨਿੱਕਲੀ ਉੱਧਲੀ ਆ ਗਈ ਮੇਰੇ ਘਰ....ਮੇਰੇ ਪੁੱਤ ਨੂੰ ਐਨੇ ਰਿਸ਼ਤੇ ਆਉਂਦੇ ਸੀ....!" ਇਹੀ ਕੁਝ ਸੁਣਦੀ ਦੇ ਉਸ ਦੇ ਉਸ ਕੱਚੇ ਕੋਠੇ ਵਿੱਚ ਦੋ ਸਾਲ ਲੰਘ ਗਏ ਸਨ। ਇੱਕ ਦਿਨ ਪਾਲੀ ਪਿੰਡ ਵਿੱਚ ਹੀ ਦੁਕਾਨ ਤੋਂ ਕੁਛ ਖ਼ਰੀਦਣ ਗਿਆ ਤਾਂ ਕਿਸੇ ਨੇ ਆ ਕੇ ਸੁਨੇਹਾ ਦਿੱਤਾ ਕਿ ਪਾਲੀ ਗ਼ਲੀ ਵਿੱਚ ਬੇਹੋਸ਼ ਹੋ ਕੇ ਡਿੱਗਿਆ ਪਿਆ। ਪਾਲੀ ਨੂੰ ਚੁੱਕ ਕੇ ਘਰ ਲਿਆਂਦਾ ਤੇ ਪਿੰਡ ਦੇ ਡਾਕਟਰ ਨੂੰ ਬੁਲਾਇਆ ਤਾਂ ਉਸ ਨੇ ਕਿਹਾ ਕਿ ਇਸ ਨੂੰ ਛੇਤੀ ਵੱਡੇ ਹਸਪਤਾਲ ਵਿੱਚ ਲੈ ਜਾਓ....ਪਰ ਸਾਰਾ ਟੱਬਰ ਉਸ ਦੇ ਘਰੇ ਹੀ ਹੱਥ ਪੈਰ ਮ਼ਲੀ ਗਏ ਕਿਉਂ ਕਿ ਉਸ ਨੂੰ ਪਹਿਲਾਂ ਵੀ ਕਦੇ ਕਦਾਈਂ ਇਸ ਤਰ੍ਹਾਂ ਦਾ ਦੌਰਾ ਪੈ ਜਾਂਦਾ ਹੁੰਦਾ ਸੀ ਤੇ ਹੱਥ ਪੈਰ ਮ਼ਲਣ ਤੋਂ ਬਾਅਦ ਆਪੇ ਸੁਰਤ ਆ ਜਾਂਦੀ ਹੁੰਦੀ ਸੀ। ਵਿਆਹ ਤੋਂ ਬਾਅਦ ਇਹ ਉਸ ਨੂੰ ਚੌਥਾ ਦੌਰਾ ਪਿਆ ਸੀ। ਪਰ ਇਸ ਵਾਰ ਪਾਲੀ ਨੂੰ ਸੁਰਤ ਆਉਣ ਦੀ ਬਜਾਏ ਉਸ ਨੇ ਪ੍ਰਾਣ ਤਿਆਗ ਦਿੱਤੇ ਸਨ। ਗਿੰਦੀ ਦੀ ਮਾਂ ਤੇ ਉਸ ਦਾ ਸ਼ਰੀਕਾ ਕਬੀਲਾ ਵੀ ਪਾਲੀ ਦੇ ਮਰਨੇ ਤੇ ਆਏ। ਉਹਨਾਂ ਦੀ ਨਿਆਣੀ ਜਿਹੀ ਧੀ ਨੇ ਨਿਆਣਪੁਣੇ ਵਿੱਚ ਜੋ ਵੀ ਮਰਜ਼ੀ ਗ਼ਲਤੀ ਕੀਤੀ ਸੀ ਆਖਰ ਨੂੰ ਧੀ ਦਾ ਦੁੱਖ ਵੇਖ ਕੇ ਮਾਂ ਦੀਆਂ ਆਂਦਰਾਂ ਤਾਂ ਤੜਫਦੀਆਂ ਹੀ ਹਨ। ਉਸ ਦੇ ਭਵਿੱਖ ਨੂੰ ਲੈ ਕੇ ਉਸ ਦੇ ਪੇਕਿਆਂ ਦੀ ਚਿੰਤਾ ਜਾਇਜ਼ ਸੀ। ਗਿੰਦੀ ਤਾਂ ਹਜੇ ਅਠਾਰਾਂ ਵਰ੍ਹਿਆਂ ਦੀ ਵੀ ਨਹੀਂ ਹੋਈ ਸੀ।

ਪਾਲੀ ਦੇ ਭੋਗ ਵਾ਼ਲੇ ਦਿਨ ਗਿੰਦੀ ਦੀ ਸੱਸ ਉਸ ਦੇ ਪੇਕੇ ਪਰਿਵਾਰ ਮੂਹਰੇ ਹੱਥ ਜੋੜ ਕੇ ਆਖਣ ਲੱਗੀ, " ਗਿੰਦੀ ਤਾਂ.....ਮੇਰੇ ਘਰ ਦੀ ਧੀ ਹੈ..... ਮੈਂ ਤਾਂ ਹੁਣ ਵੀ ਇਸ ਨੂੰ ਧੀ ਬਣਾ ਕੇ ਰੱਖੂੰਗੀ...... ਮੇਰੇ ਵੱਡੇ ਮੁੰਡੇ ਦੇ ਸਿਰ ਧਰ ਦਿਓ.....ਇਹ ਤਾਂ ਸਾਡੇ ਸਭ ਲਈ ਬਹੁਤ ਲਾਡਲੀ ਹੈ....ਇਸ ਨੂੰ ਅਸੀਂ ਫੁੱਲਾਂ ਵਾਂਗ ਸਾਂਭ ਕੇ ਰੱਖਾਂਗੇ.... ਇਹਨੂੰ ਪਾਲੀ ਦੀ ਕਮੀ ਨੀ ਮਹਿਸੂਸ ਹੋਣ ਦਿੰਦੇ......।"

ਉਹ ਇਸ ਤਰ੍ਹਾਂ ਇਸ ਲਈ ਆਖ ਰਹੀ ਸੀ ਕਿਉਂਕਿ ਉਸ ਦੇ ਨਸ਼ੇੜੀ ਪੁੱਤਰ ਨੂੰ ਕਿਸੇ ਨੇ ਰਿਸ਼ਤਾ ਨਹੀਂ ਕਰਨਾ ਸੀ ਤੇ ਉਹ ਸੋਹਣੀ ਸੁਨੱਖੀ ਕੁੜੀ ਨੂੰ ਘਰੋਂ ਜਾਣ ਨਹੀਂ ਦੇਣਾ ਚਾਹੁੰਦੀ ਸੀ।ਇਸ ਸਭ ਪਿੱਛੇ ਉਸ ਦਾ ਬਹੁਤ ਵੱਡਾ ਸਵਾਰਥ ਛੁਪਿਆ ਹੋਇਆ ਸੀ। ਗਿੰਦੀ ਦੀ ਮਾਂ ਨੇ ਕਿਹਾ,"ਭੈਣੇ......ਸਾਡੀ ਕੁੜੀ ਨਾ ਪਹਿਲਾਂ ਸਾਡੀ ਮਰਜ਼ੀ ਨਾਲ ਤੁਹਾਡੇ ਘਰ ਆਈ ਸੀ...... ਤੇ ਨਾ ਹੁਣ ਅਸੀਂ ਆਪਣੀ ਮਰਜ਼ੀ ਕਰਨੀ ਆ...... ਜਿਵੇਂ ਇਹ ਆਖੂ ਅਸੀਂ ਤਾਂ ਉਵੇਂ ਕਰ ਦੇਣਾ....।"

ਗਿੰਦੀ ਵੀ ਹੁਣ ਬਚਪਨੇ ਵਿੱਚੋਂ ਬਾਹਰ ਆ ਚੁੱਕੀ ਸੀ।ਉਹ ਵੀ ਆਪਣੀ ਸੱਸ ਦੀ ਚਾਲ ਨੂੰ ਸਮਝਦੀ ਸੀ। ਇਸ ਲਈ ਉਸ ਨੇ ਹੱਥ ਬੰਨ੍ਹ ਕੇ ਖੜ੍ਹੀ ਹੋ ਕੇ ਆਖ ਦਿੱਤਾ,"..... ਮੈਂ ਤਾਂ ਜੀ....ਸਿਰਫ਼ ਪਾ਼ਲੀ ਕਰਕੇ ਇਸ ਘਰ ਵਿੱਚ ਆਈ ਸੀ ....ਤੇ ....ਉਸ ਕਰਕੇ ਹੀ ਰਹਿ ਰਹੀ ਸੀ..... ਹੁਣ ਮੇਰਾ ਇਸ ਘਰ ਵਿੱਚ ਕੁਝ ਨਹੀਂ ਹੈ....!" ਇਹ ਆਖ ਕੇ ਗਿੰਦੀ ਆਪਣੇ ਪੇਕੇ ਪਰਿਵਾਰ ਵਾਲੇ ਪਾਸੇ ਆ ਕੇ ਬੈਠ ਗਈ। ਉਸ ਨੂੰ ਉਸ ਦੀ ਮਾਂ ਆਪਣੇ ਨਾਲ ਘਰ ਲੈ ਆਈ ।

ਮਹੀਨਾ ਕੁ ਲੰਘਿਆ ਤਾਂ ਗਿੰਦੀ ਦੀ ਮਾਂ ਨੇ ਉਸ ਨੂੰ ਪਿੰਡ ਦੇ ਸਕੂਲ ਵਿੱਚ ਹੀ ਦਸਵੀਂ ਜਮਾਤ ਵਿੱਚ ਪੜ੍ਹਨ ਲਾ ਦਿੱਤਾ ਕਿਉਂਕਿ ਅਠਾਰਾਂ ਸਾਲਾਂ ਦੀ ਗਿੰਦੀ ਹੁਣ ਜ਼ਿੰਦਗੀ ਦੇ ਵੱਡੇ ਤਜ਼ਰਬਿਆਂ ਵਿੱਚੋਂ ਲੰਘ ਚੁੱਕੀ ਸੀ । ਉਸ ਨੂੰ ਜ਼ਿੰਦਗੀ ਦੀ ਸਮਝ ਆ ਚੁੱਕੀ ਸੀ। ਹੁਣ ਉਸ ਨੇ ਜ਼ਿੰਦਗੀ ਦੀ ਨਵੀਂ ਸ਼ੁਰੂਆਤ ਨਵੇਂ ਅਹਿਸਾਸ ਨਾਲ ਕਰਨੀ ਸੀ। ਹੁਣ ਉਸ ਵਿੱਚ ਪਹਿਲਾਂ ਵਾਂਗ ਅੱਲ੍ਹੜਪੁਣੇ ਵਾਲੀ ਗ਼ਲਤੀ ਕਰਨ ਦੀ ਗੁੰਜਾਇਸ਼ ਨਹੀਂ ਸੀ। ਉਸ ਨੇ ਹੌਸਲਾ ਵਿਖਾਉਂਦੇ ਹੋਏ ਬੱਚਿਆਂ ਵਾਂਗ ਬਸਤਾ ਪਾ ਕੇ ਫਿਰ ਸਕੂਲ ਜਾਣਾ ਸ਼ੁਰੂ ਕਰ ਦਿੱਤਾ।

ਉਸ ਨੇ ਦੁਨੀਆ ਦੀਆਂ ਗੱਲਾਂ ਦੀ ਪ੍ਰਵਾਹ ਕੀਤੇ ਬਿਨਾਂ ਲਗਨ ਨਾਲ ਪੜ੍ਹਾਈ ਸ਼ੁਰੂ ਕੀਤੀ ਤੇ ਚੰਗੇ ਨੰਬਰਾਂ ਵਿੱਚ ਪਹਿਲਾਂ ਦਸਵੀਂ ਤੇ ਫਿਰ ਬਾਰ੍ਹਵੀਂ ਪਾਸ ਵੀ ਕਰ ਲਈ ਸੀ। ਪਿੰਡ ਦੇ ਨੇੜੇ ਹੀ ਬਣੀ ਇੱਕ ਕੰਪਨੀ ਵਿੱਚ ਉਸ ਨੂੰ ਰਿਸੈਪਸ਼ਨਿਸਟ ਦੀ ਨੌਕਰੀ ਮਿ਼ਲ ਗਈ ਸੀ। ਹੁਣ ਉਸ ਨੇ ਨੌਕਰੀ ਦੇ ਨਾ਼ਲ ਨਾ਼ਲ ਆਪਣੀ ਪੜ੍ਹਾਈ ਜਾਰੀ ਰੱਖੀ। ਮਾਂ ਨੂੰ ਉਸ ਨੇ ਦਿਹਾੜੀ ਤੱਪਾ ਕਰਨ ਤੋਂ ਹਟਾ ਦਿੱਤਾ ਸੀ। ਉਸ ਦੀ ਤਨਖਾਹ ਨਾ਼ਲ ਘਰ ਦਾ ਗੁਜ਼ਾਰਾ ਵਧੀਆ ਚੱਲੀ ਜਾਂਦਾ ਸੀ। ਉਸ ਨੇ ਪ੍ਰਾਈਵੇਟ ਬੀ ਏ ਪਾਸ ਕਰਕੇ ਉੱਚ ਅਹੁਦੇ ਲਈ ਤਿਆਰੀ ਸ਼ੁਰੂ ਕਰ ਦਿੱਤੀ। ਰਿਸ਼ਤੇਦਾਰਾਂ ਨੇ ਸੀਤੋ ਨੂੰ ਸਲਾਹ ਦੇਣੀ ਕਿ ਹੁਣ ਕੋਈ ਪੜ੍ਹਿਆ ਲਿਖਿਆ ਮੁੰਡਾ ਵੇਖ ਕੇ ਉਸ ਦਾ ਵਿਆਹ ਕਰ ਦੇਵੇ ਪਰ ਗਿੰਦੀ ਨਹੀਂ ਮੰਨਦੀ ਸੀ। ਉਸਨੇ ਤਾਂ ਜਿਵੇਂ ਤਿੰਨ ਸਾਲਾਂ ਵਿੱਚ ਹੀ ਉਮਰ ਭਰ ਦੀ ਵਿਆਹੁਤਾ ਜ਼ਿੰਦਗੀ ਹੰਢਾ ਲਈ ਸੀ। ਹੁਣ ਉਸ ਨੂੰ ਕੁਝ ਬਣਨ ਦੀ ਲਗਨ ਸੀ। ਉਹ ਪੇਪਰ ਪਾਸ ਕਰਕੇ ਸਰਕਾਰੀ ਉੱਚੇ ਅਹੁਦੇ ਤੇ ਲੱਗ ਗਈ ਸੀ। ਉਸ ਨੂੰ ਵੱਡੀ ਸਾਰੀ ਕੋਠੀ ਸਰਕਾਰੀ ਰਿਹਾਇਸ਼ ਮਿ਼ਲ ਗਈ ਸੀ। ਉਹ ਆਪਣੀ ਮਾਂ ਅਤੇ ਭਰਾ ਨੂੰ ਆਪਣੇ ਕੋਲ ਲੈ ਗਈ ਸੀ। ਉਦੋਂ ਉਸ ਦਾ ਭਰਾ ਪੰਮਾ ਵੀ ਬੀ. ਏ. ਕਰਦਾ ਸੀ। ਉਹ ਵੀ ਭੈਣ ਦੀ ਨਿਗਰਾਨੀ ਹੇਠ ਪੜ੍ਹ ਲਿਖ ਕੇ ਉਸ ਵਾਂਗ ਹੀ ਅਫ਼ਸਰ ਬਣ ਗਿਆ ਸੀ।

"ਹੁਣ ਗਿੰਦੀ ....ਉਰਫ਼ ....ਮੈਜਿਸਟਰੇਟ ਗੁਰਿੰਦਰ ਕੌਰ ਨੇ ਆਪਣੀ ਜ਼ਿੰਦਗੀ ਦੇ ਇਸ ਤੀਜੇ ਪੜਾਅ ਦੀ ਨਵੀਂ ਸ਼ੁਰੂਆਤ ਨੌਕਰੀ ਦੇ ਨਾ਼ਲ ਨਾ਼ਲ ਸਮਾਜ ਸੇਵਾ ਨਾ਼ਲ ਕਰ ਦਿੱਤੀ ਸੀ। ਉਹ ਤੁਹਾਡੇ ਵਰਗੀਆਂ ਸਮਾਜ ਦੀਆਂ ਕੁੜੀਆਂ ਲਈ ਪ੍ਰੇਰਨਾ ਸਰੋਤ ਬਣ ਗਈ ਸੀ... ਨਵੀਂ ਸ਼ੁਰੂਆਤ ਜ਼ਿੰਦਗੀ ਦੇ ਕਿਸੇ ਵੀ ਪੜਾਅ ਤੇ ਕੀਤੀ ਜਾ ਸਕਦੀ ਹੈ......!" ਹਾਲ ਤਾੜੀਆਂ ਨਾਲ ਗੂੰਜ ਉੱਠਿਆ। ਗਿੰਦੀ ਕੁੜੀਆਂ ਦੇ ਕਾਲਜ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦੀ ਹੋਈ ਆਪਣੀ ਕਹਾਣੀ ਸਭ ਨਾਲ ਸਾਂਝੀ ਕਰ ਰਹੀ ਸੀ।








Arrested ?
DUI ?
Drug Charges ?
Gun Violation ?
Ghuman Law Group
GHUMAN LAW GROUP
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280


SUNSHINE AUTO CARE INC
WE REPAIR ALL"
AUTO • DIESEL TRUCKS • TRAILERS
All Makes & Models
FULL SERVICE AUTO & DIESEL REPAIR
Engine Diagnostics
Brake Service
Engine Diagnostics
Brake Service
Suspension & Steering
Diesel Truck Repair
Trailer Repair
Reliable • Professional • Fast Service
1003 MOFFAT BLVD.• MANTECA, CA 95336
209-239-1551

# ਬਗੈਰ ਛੱਤ ਤੋਂ ਸੜਕ ਕਿਨਾਰੇ ਰਾਤਾਂ ਕੱਟ ਰਹੇ ਬੇਘਰ ਮਰੀਜ਼ ਦਾ ਸਹਾਰਾ ਬਣਿਆ ਸਰਾਭਾ ਆਸ਼ਰਮ

ਕੁੱਝ ਦਿਨਾਂ ਦੀ ਗੱਲ ਹੈ ਕਿ ਲੁਧਿਆਣਾ ਸ਼ਹਿਰ ਵਿੱਚ ਗਿੱਲ ਰੋਡ ‘ਤੇ ਬਣੇ ਅਰੋੜਾ ਪੈਲੇਸ ਦੇ ਨਜ਼ਦੀਕ ਸ਼ਮਸ਼ਾਨ ਘਾਟ ਕੋਲ ਪੈਂਦੇ ਪਾਰਕ ਦੇ ਬਾਹਰ ਇੱਕ ਲਾਵਾਰਸ ਹਾਲਤ ਵਿੱਚ ਬਿਮਾਰ ਬਜ਼ੁਰਗ ਪਿਆ ਸੀ। ਉਸਦੇ ਪਾਏ ਮੈਲੇ-ਕੁਚੈਲੇ ਕੱਪੜੇ, ਕੰਬਦੇ ਹੱਥ, ਢਿੱਡੋਂ ਭੁੱਖਾ ਇੰਝ ਲੱਗਦਾ ਸੀ ਜਿਵੇਂ ਮੌਤ ਨੂੰ ਉਡੀਕ ਰਿਹਾ ਹੋਵੇ।ਆਪਣੀ ਡਿਊਟੀ ਕਰਨ ਜਾ ਰਹੇ ਗਗਨਜੋਤ ਸਿੰਘ ਨਾਮ ਦੇ ਵਿਆਕਤੀ ਨੇ ਇਸ ਬਜ਼ੁਰਗ ਨੂੰ ਦੇਖਿਆ। ਜਦੋਂ ਉਸਨੇ ਬਜ਼ੁਰਗ ਨਾਲ ਗੱਲ-ਬਾਤ ਕੀਤੀ ਤਾਂ ਉਸ ਬਜ਼ੁਰਗ ਦੀਆਂ ਅੱਖਾਂ ਹੰਝੂਆਂ ਨਾਲ ਭਰ ਗਈਆਂ । ਬਜ਼ੁਰਗ ਨੇ ਦੱਸਿਆ ਕਿ ਮੇਰਾ ਨਾਂ ਕੇਵਲ ਕ੍ਰਿਸ਼ਨ ਹੈ, ਉਮਰ 52 ਕੁ ਸਾਲ ਹੈ । ਮੈਂ, ਮੇਰੀ ਪਤਨੀ ਅਤੇ ਬੇਟਾ ਮਜ਼ਦੂਰੀ ਕਰਕੇ ਕਿਰਾਏ ਦੇ ਮਕਾਨ ਵਿੱਚ ਰਹਿੰਦਿਆਂ ਆਪਣਾ ਗੁਜ਼ਾਰ ਕਰ ਰਹੇ ਸੀ । ਬੇਟੀ ਨੂੰ ਮਿਰਗੀ ਦੇ ਦੌਰੇ ਪੈਂਦੇ ਸਨ ਜਿਸ ਕਰਕੇ ਉਹ ਘਰ ਹੀ ਰਹਿੰਦੀ ਸੀ । ਪਰ ਵਕਤ ਦੀ ਅਜਿਹੀ ਮਾਰ ਪਈ ਕਿ ਪਹਿਲਾਂ ਬੇਟੀ ਪੂਰੀ ਹੋ ਗਈ ਫਿਰ ਦੋ ਸਾਲ ਬਾਅਦ ਪਤਨੀ ਦੀ ਮੌਤ ਹੋ ਗਈ ਅਤੇ 7-8 ਮਹੀਨੇ ਪਹਿਲਾਂ ਬੇਟੇ ਦੀ ਮੌਤ ਹੋ ਗਈ। ਫਿਰ ਤਾਂ ਮੈਂ ਟੁੱਟ ਹੀ ਗਿਆ, ਕੰਮ-ਕਾਜ ਵੀ ਛੁੱਟ ਗਿਆ, ਮਕਾਨ ਦਾ ਕਿਰਾਇਆ ਤੇ ਗੁਜ਼ਾਰਾ ਵੀ ਮੁਸ਼ਕਿਲ ਹੋ ਗਿਆ। ਅਖੀਰ ਮੈਂ ਸੜਕਾਂ ‘ਤੇ ਰਹਿਣ ਲੱਗ ਪਿਆ। ਕਦੇ ਕੋਈ ਰੋਟੀ ਦੇ ਦਿੰਦਾ ਤਾਂ ਖਾ ਲੈਂਦਾ, ਨਹੀ ਤਾਂ ਭੁੱਖਾ ਹੀ ਪਿਆ ਰਹਿੰਦਾ। ਇੱਕ ਦਿਨ ਸੜਕ ਪਾਰ ਕਰਨ ਲੱਗਿਆ, ਤਾਂ ਆਟੋ ਵਾਲਾ ਸਾਇਡ ਮਾਰ ਗਿਆ ਅਤੇ ਲੱਤ ‘ਤੇ ਸੱਟ ਲੱਗ ਗਈ ਜਿਸ ਨਾਲ ਤੁਰਨਾ-ਫਿਰਨਾ ਵੀ ਮੁਸ਼ਕਿਲ ਹੋ ਗਿਆ।



ਕੇਵਲ ਕ੍ਰਿਸ਼ਨ ਬਜ਼ੁਰਗ ਦੀ ਦੁੱਖਾਂ ਭਰੀ ਦਾਸਤਾਨ ਸੁਣਕੇ ਗਗਨਜੋਤ ਸਿੰਘ ਵੱਲੋਂ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਵਿੱਚ ਫੋਨ ਕਰਕੇ ਸਾਰੀ ਕਹਾਣੀ ਦੱਸੀ ਗਈ ਤਾਂ ਆਸ਼ਰਮ ਦੇ ਸੇਵਾਦਾਰਾਂ ਵੱਲੋਂ ਬਜ਼ੁਰਗ ਕੇਵਲ ਕ੍ਰਿਸ਼ਨ ਨੂੰ ਆਸ਼ਰਮ ਵਿੱਚ ਲਿਆਂਦਾ ਗਿਆ। ਇੱਥੇ ਇਸਨੂੰ ਲੋੜੀਂਦੀ ਮੈਡੀਕਲ ਸਹੂਲਤ, ਮੰਜਾ-ਬਿਸਤਰਾ ਅਤੇ ਹੋਰ ਜ਼ਰੂਰਤ ਦਾ ਸਮਾਨ ਵੀ ਦਿੱਤਾ ਗਿਆ। ਇਸਦਾ ਇਲਾਜ਼ ਵੀ ਸ਼ੁਰੂ ਹੋ ਗਿਆ ਹੈ। ਉਮੀਦ ਕਰਦੇ ਹਾਂ ਕਿ ਆਉਣ ਵਾਲੇ ਦਿਨਾਂ ਵਿੱਚ ਇਹ ਠੀਕ ਹੋ ਕੇ ਆਪਣੀ ਆਉਣ ਵਾਲੀ ਜ਼ਿੰਦਗੀ ਵਧੀਆ ਬਤੀਤ ਕਰ ਸਕੇਗਾ।

ਇਸ ਸੰਸਥਾ ਦੇ ਬਾਨੀ ਡਾ.ਨੌਰੰਗ ਸਿੰਘ ਮਾਂਗਟ ਅਤੇ ਪ੍ਰਧਾਨ ਚਰਨ ਸਿੰਘ ਦੇ ਦੱਸਣ ਮੁਤਾਬਕ ਇਸ ਆਸ਼ਰਮ ਵਿੱਚ ਦੋ ਸੌ ਪੰਤਾਲੀ (245) ਦੇ ਕਰੀਬ ਦਿਮਾਗੀ ਸੰਤੁਲਨ ਗੁਆ ਚੁੱਕੇ ਅਤੇ ਹੋਰ ਬਿਮਾਰੀਆਂ ਨਾਲ ਪੀੜਤ ਲਾਵਾਰਸ-ਬੇਘਰ ਮਰੀਜ਼ ਰਹਿੰਦੇ ਹਨ ਜਿਹਨਾਂ ਵਿੱਚ ਬਹੁਤ ਸਾਰੇ ਮਰੀਜ਼ ਪੂਰੀ ਤਰਾਂ ਸੁੱਧ-ਬੁੱਧ ਨਾ ਹੋਣ ਕਰਕੇ ਕੱਪੜਿਆਂ ਵਿੱਚ ਹੀ ਮਲ-ਮੂਤਰ ਕਰਦੇ ਹਨ। ਆਸ਼ਰਮ ਵਲੋਂ ਕੀਤੀ ਜਾ ਰਹੀ ਇਹ ਬੇਮਿਸਾਲ ਤੇ ਨਿਰਸਵਾਰਥ ਸੇਵਾ ਗੁਰੂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹੀ ਚੱਲ ਰਹੀ ਹੈ। ਆਸ਼ਰਮ ਬਾਰੇ ਹੋਰ ਜਾਣਕਾਰੀ ਲੈਣ ਲਈ ਮੋਬਾਇਲ 95018-42505, ਵੱਟਸਐਪ 95018-42506 ‘ਤੇ ਸੰਪਰਕ ਕੀਤਾ ਜਾ ਸਕਦਾ ਹੈ।

Now Open New Banquet Hall in Sacramento
For more info: Contact Paul : (916)334-6000







SERVPRO
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702





RE/MAX EXECUTIVE

ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।

Kirandeep Kaur
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

Contact : Cell (209) 550-1704

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED


Imperial Spice
Resturant Bar & Banquet Hall
Vibrant flavors of
North and South Indian cuisine.
IMPERIAL SPICE
OPEN
10am to 10pm
ਸੋਮਵਾਰ ਤੋਂ ਬੁੱਧਵਾਰ 10am to 3pm
Lunch Buffett
ਸਿਰਫ ਤੇ ਸਿਰਫ
$14.99
SPECIAL
Fish Pakora
$4.99
ਜੇਕਰ ਤੁਸੀਂ $100 ਤੋ ਵੱਧ ਖਰਚਦੇ ਹੋ ਤਾਂ 1 ਪਲੇਟ ਪਾਣੀਪੁਰੀ FREE
OPEN
7 DAYS
A WEEK
ਮੰਗਲਵਾਰ ਨੂੰ ਖਾਸ ਸਪੈਸ਼ਲ Buffet $12.99
ਰਾਤੀ Dinner ਸਮੇਂ 5 ਜਾਂ 5 ਤੋਂ ਵੱਧ ਬੰਦਿਆਂ ਦੇ
ਖਾਣਾ ਖਾਣ 'ਤੇ ਹੋਵੇਗਾ 10% discount
ਸਿਰਫ ਮੰਗਲਵਾਰ ਨੂੰ hard liquor ਦੀਆਂ ਕੁਝ items ਦੇ shot ਦੀ ਕੀਮਤ ਹੋਵੇਗੀ ਸਿਰਫ $8
PACKAGE DEALS AVAILABLE
Spacious Banquet Hall
Professional Decoration
DJ & Special Security Available
5000 ਬੰਦਿਆਂ ਤੱਕ ਦੀ
Catering ਦਾ ਪ੍ਰਬੰਧ
ਅਸੀਂ ਦੇਸੀ ਘਿਉ ਦੀਆਂ ਹਰ ਤਰ੍ਹਾਂ ਦੀਆਂ ਮਿਠਾਈਆਂ ਵੀ ਬਣਾਉਂਦੇ ਹਾਂ
ਅਤੇ ਵਿਆਹ ਸ਼ਾਦੀਆਂ ਵਾਸਤੇ ਵੱਡੇ ਆਡਰ ਵੀ ਮਿਠਾਈਆਂ ਦੇ ਲੈਂਦੇ ਹਾਂ ।
Sonu (209) 595-8596 Goutam (209) 494-9404
430 W Grant Line Rd Tracy, CA 95376

# ਨੀਟ ਯੂਜੀ ਸਾਲ ਵਿੱਚ ਦੋ ਜਾਂ ਤਿੰਨ ਵਾਰ? ਪਾਰਲੀਮੈਂਟਰੀ ਪੈਨਲ ਪੇਪਰ ਲੀਕ ਰੋਅ ਦੇ ਵਿਚਕਾਰ ਸੁਧਾਰਾਂ ਦਾ ਸੁਝਾਅ ਦਿੰਦਾ ਹੈ

ਭਾਰਤ ਦੀ ਸਭ ਤੋਂ ਵੱਡੀ ਅਤੇ ਮਹੱਤਵਪੂਰਨ ਮੈਡੀਕਲ ਦਾਖਲਾ ਪ੍ਰੀਖਿਆ ਨੀਟ-ਯੂਜੀ ਇੱਕ ਵਾਰ ਫਿਰ ਚਰਚਾ ਦੇ ਕੇਂਦਰ ਵਿੱਚ ਹੈ। ਹਾਲ ਹੀ ਵਿੱਚ ਸਾਹਮਣੇ ਆਏ ਪੇਪਰ ਲੀਕ ਮਾਮਲਿਆਂ ਅਤੇ ਪ੍ਰੀਖਿਆ ਪ੍ਰਬੰਧਨ ਨੂੰ ਲੈ ਕੇ ਉੱਠੇ ਸਵਾਲਾਂ ਦੇ ਮੱਦੇਨਜ਼ਰ ਸੰਸਦ ਦੀ ਇੱਕ ਸਥਾਈ ਕਮੇਟੀ ਨੇ ਸੁਝਾਅ ਦਿੱਤਾ ਹੈ ਕਿ ਨੀਟ-ਯੂਜੀ ਨੂੰ ਸਾਲ ਵਿੱਚ ਦੋ ਜਾਂ ਤਿੰਨ ਵਾਰ ਕਰਵਾਉਣ ਦੀ ਸੰਭਾਵਨਾ 'ਤੇ ਗੰਭੀਰਤਾ ਨਾਲ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਇਸ ਸੁਝਾਅ ਨੇ ਵਿਦਿਆਰਥੀਆਂ, ਮਾਪਿਆਂ, ਅਧਿਆਪਕਾਂ ਅਤੇ ਸਿੱਖਿਆ ਮਾਹਿਰਾਂ ਵਿਚਕਾਰ ਇੱਕ ਨਵੀਂ ਬਹਿਸ ਛੇੜ ਦਿੱਤੀ ਹੈ।

ਭਾਰਤ ਵਿੱਚ ਹਰ ਸਾਲ ਲੱਖਾਂ ਵਿਦਿਆਰਥੀ ਡਾਕਟਰ ਬਣਨ ਦੇ ਸੁਪਨੇ ਨਾਲ ਨੀਟ ਪ੍ਰੀਖਿਆ ਦਿੰਦੇ ਹਨ। ਮੌਜੂਦਾ ਪ੍ਰਣਾਲੀ ਅਨੁਸਾਰ ਇਹ ਪ੍ਰੀਖਿਆ ਸਾਲ ਵਿੱਚ ਕੇਵਲ ਇੱਕ ਵਾਰ ਹੁੰਦੀ ਹੈ। ਇਸ ਕਾਰਨ ਜੇਕਰ ਕਿਸੇ ਕਾਰਨ ਕਰਕੇ ਵਿਦਿਆਰਥੀ ਦਾ ਪ੍ਰਦਰਸ਼ਨ ਪ੍ਰਭਾਵਿਤ ਹੋ ਜਾਵੇ ਜਾਂ ਪ੍ਰੀਖਿਆ ਨਾਲ ਜੁੜੀ ਕੋਈ ਗੜਬੜ ਸਾਹਮਣੇ ਆ ਜਾਵੇ, ਤਾਂ ਉਸ ਦਾ ਪੂਰਾ ਸਾਲ ਪ੍ਰਭਾਵਿਤ ਹੋ ਸਕਦਾ ਹੈ। ਪਾਰਲੀਮੈਂਟਰੀ ਪੈਨਲ ਦਾ ਮੰਨਣਾ ਹੈ ਕਿ ਸਾਲ ਵਿੱਚ ਕਈ ਵਾਰ ਪ੍ਰੀਖਿਆ ਕਰਵਾਉਣ ਨਾਲ ਵਿਦਿਆਰਥੀਆਂ ਨੂੰ ਵਧੇਰੇ ਮੌਕੇ ਮਿਲਣਗੇ ਅਤੇ ਇੱਕੋ ਦਿਨ ਦੇ ਨਤੀਜੇ 'ਤੇ ਨਿਰਭਰਤਾ ਘੱਟ ਹੋਵੇਗੀ।

ਕਮੇਟੀ ਨੇ ਇਹ ਵੀ ਮਹਿਸੂਸ ਕੀਤਾ ਕਿ ਪਿਛਲੇ ਕੁਝ ਸਾਲਾਂ ਦੌਰਾਨ ਨੀਟ ਨਾਲ ਜੁੜੀਆਂ ਵਿਵਾਦਿਤ ਘਟਨਾਵਾਂ ਨੇ ਪ੍ਰੀਖਿਆ ਪ੍ਰਣਾਲੀ ਉੱਤੇ ਲੋਕਾਂ ਦਾ ਭਰੋਸਾ ਹਿਲਾਇਆ ਹੈ। ਪੇਪਰ ਲੀਕ, ਨਕਲ ਅਤੇ ਪ੍ਰਬੰਧਕੀ ਖਾਮੀਆਂ ਵਰਗੇ ਮਾਮਲੇ ਇਹ ਦਰਸਾਉਂਦੇ ਹਨ ਕਿ ਮੌਜੂਦਾ ਢਾਂਚੇ ਵਿੱਚ ਸੁਧਾਰਾਂ ਦੀ ਲੋੜ ਹੈ। ਜੇਕਰ ਪ੍ਰੀਖਿਆ ਸਾਲ ਵਿੱਚ ਦੋ ਜਾਂ ਤਿੰਨ ਵਾਰ ਹੋਵੇ, ਤਾਂ ਕਿਸੇ ਇੱਕ ਪ੍ਰੀਖਿਆ ਵਿੱਚ ਹੋਈ ਗੜਬੜ ਦਾ ਪ੍ਰਭਾਵ ਪੂਰੀ ਦਾਖਲਾ ਪ੍ਰਕਿਰਿਆ ਉੱਤੇ ਨਹੀਂ ਪਵੇਗਾ।

ਇਸ ਸੰਦਰਭ ਵਿੱਚ ਜੇਈਈ ਮੇਨ ਦਾ ਉਦਾਹਰਨ ਅਕਸਰ ਦਿੱਤਾ ਜਾਂਦਾ ਹੈ। ਜੇਈਈ ਮੇਨ ਸਾਲ ਵਿੱਚ ਕਈ ਵਾਰ ਹੁੰਦੀ ਹੈ ਅਤੇ ਵਿਦਿਆਰਥੀਆਂ ਦਾ ਸਭ ਤੋਂ ਵਧੀਆ ਸਕੋਰ ਮੰਨਿਆ ਜਾਂਦਾ ਹੈ। ਇਸ ਨਾਲ ਪ੍ਰੀਖਿਆ ਦਾ ਦਬਾਅ ਘੱਟ ਹੁੰਦਾ ਹੈ ਅਤੇ ਵਿਦਿਆਰਥੀਆਂ ਨੂੰ ਆਪਣੀ ਯੋਗਤਾ ਸਾਬਤ ਕਰਨ ਦੇ ਵਧੇਰੇ ਮੌਕੇ ਮਿਲਦੇ ਹਨ। ਕਈ ਸਿੱਖਿਆ ਮਾਹਿਰ ਮੰਨਦੇ ਹਨ ਕਿ ਨੀਟ ਵਿੱਚ ਵੀ ਅਜਿਹਾ ਮਾਡਲ ਅਪਣਾਇਆ ਜਾ ਸਕਦਾ ਹੈ।

ਹਾਲਾਂਕਿ ਇਸ ਪ੍ਰਸਤਾਵ ਨਾਲ ਕੁਝ ਚੁਣੌਤੀਆਂ ਵੀ ਜੁੜੀਆਂ ਹੋਈਆਂ ਹਨ।

ਮੈਡੀਕਲ ਦਾਖਲਿਆਂ ਦੀ ਕੇਂਦਰੀਕ੍ਰਿਤ ਕੌਂਸਲਿੰਗ ਪ੍ਰਕਿਰਿਆ ਨੂੰ ਕਈ ਵਾਰ ਦੀ ਪ੍ਰੀਖਿਆ ਨਾਲ ਜੋੜਨਾ ਆਸਾਨ ਨਹੀਂ ਹੋਵੇਗਾ। ਇਸ ਲਈ ਵੱਖ-ਵੱਖ ਪ੍ਰਸ਼ਨ ਪੱਤਰਾਂ ਦੀ ਤਿਆਰੀ, ਸੁਰੱਖਿਆ ਪ੍ਰਬੰਧ, ਨਤੀਜਿਆਂ ਦਾ ਸਮਨਵਯ ਅਤੇ ਕੌਂਸਲਿੰਗ ਦਾ ਨਵਾਂ ਢਾਂਚਾ ਤਿਆਰ ਕਰਨਾ ਪਵੇਗਾ। ਇਸ ਨਾਲ ਖਰਚ ਅਤੇ ਪ੍ਰਸ਼ਾਸਨਿਕ ਜ਼ਿੰਮੇਵਾਰੀਆਂ ਵੀ ਵਧਣਗੀਆਂ।

ਇਸ ਦੇ ਨਾਲ-ਨਾਲ ਕਮੇਟੀ ਨੇ ਨੀਟ ਨੂੰ ਕੰਪਿਊਟਰ ਆਧਾਰਿਤ ਪ੍ਰੀਖਿਆ ਬਣਾਉਣ ਬਾਰੇ ਵੀ ਵਿਚਾਰ ਕਰਨ ਦੀ ਗੱਲ ਕੀਤੀ ਹੈ। ਡਿਜੀਟਲ ਪ੍ਰੀਖਿਆਵਾਂ ਨੂੰ ਪੇਪਰ ਲੀਕ ਦੀ ਸੰਭਾਵਨਾ ਘੱਟ ਕਰਨ ਵਾਲਾ ਕਦਮ ਮੰਨਿਆ ਜਾ ਰਿਹਾ ਹੈ। ਪਰ ਇਸ ਨਾਲ ਇੱਕ ਹੋਰ ਚਿੰਤਾ ਜੁੜੀ ਹੈ ਕਿ ਪੇਂਡੂ ਅਤੇ ਪਿੱਛੜੇ ਖੇਤਰਾਂ ਦੇ ਵਿਦਿਆਰਥੀਆਂ ਨੂੰ ਕੰਪਿਊਟਰ ਅਤੇ ਇੰਟਰਨੈੱਟ ਸਹੂਲਤਾਂ ਦੇ ਮਾਮਲੇ ਵਿੱਚ ਸਮਾਨ ਮੌਕੇ ਮਿਲਣੇ ਚਾਹੀਦੇ ਹਨ।

ਪੇਪਰ ਲੀਕ ਮਾਮਲਿਆਂ ਤੋਂ ਬਾਅਦ ਸਰਕਾਰ ਅਤੇ ਰਾਸ਼ਟਰੀ ਟੈਸਟਿੰਗ ਏਜੰਸੀ ਉੱਤੇ ਪ੍ਰੀਖਿਆ ਦੀ ਭਰੋਸੇਯੋਗਤਾ ਨੂੰ ਮੁੜ ਸਥਾਪਿਤ ਕਰਨ ਦਾ ਦਬਾਅ ਹੈ। ਇਸ ਲਈ ਸੁਰੱਖਿਆ ਪ੍ਰਬੰਧਾਂ ਨੂੰ ਹੋਰ ਮਜ਼ਬੂਤ ਬਣਾਉਣ, ਪ੍ਰਸ਼ਨ ਪੱਤਰ ਤਿਆਰ ਕਰਨ ਦੀ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਲਿਆਉਣ ਅਤੇ ਜਵਾਬਦੇਹੀ ਨੂੰ ਯਕੀਨੀ ਬਣਾਉਣ ਉੱਤੇ ਜ਼ੋਰ ਦਿੱਤਾ ਜਾ ਰਿਹਾ ਹੈ।

ਅਸਲ ਵਿੱਚ ਇਹ ਬਹਿਸ ਕੇਵਲ ਨੀਟ ਦੀ ਨਹੀਂ, ਸਗੋਂ ਭਾਰਤ ਦੀ ਪੂਰੀ ਪ੍ਰਤੀਯੋਗੀ ਪ੍ਰੀਖਿਆ ਪ੍ਰਣਾਲੀ ਦੀ ਹੈ। ਜਦੋਂ ਕਰੋੜਾਂ ਨੌਜਵਾਨਾਂ ਦਾ ਭਵਿੱਖ ਇਨ੍ਹਾਂ ਪ੍ਰੀਖਿਆਵਾਂ ਨਾਲ ਜੁੜਿਆ ਹੋਵੇ, ਤਾਂ ਪਾਰਦਰਸ਼ਤਾ, ਨਿਰਪੱਖਤਾ ਅਤੇ ਭਰੋਸੇਯੋਗਤਾ ਸਭ ਤੋਂ ਵੱਡੀਆਂ ਤਰਜੀਹਾਂ ਹੋਣੀਆਂ ਚਾਹੀਦੀਆਂ ਹਨ। ਸਾਲ ਵਿੱਚ ਦੋ ਜਾਂ ਤਿੰਨ ਵਾਰ ਨੀਟ ਕਰਵਾਉਣ ਦਾ ਸੁਝਾਅ ਇਸੇ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਮੰਨਿਆ ਜਾ ਰਿਹਾ ਹੈ।

ਆਉਣ ਵਾਲੇ ਸਮੇਂ ਵਿੱਚ ਸਰਕਾਰ ਇਸ ਸੁਝਾਅ ਨੂੰ ਕਿਵੇਂ ਲਾਗੂ ਕਰਦੀ ਹੈ, ਇਹ ਦੇਖਣਾ ਦਿਲਚਸਪ ਹੋਵੇਗਾ। ਪਰ ਇਹ ਸਪੱਸ਼ਟ ਹੈ ਕਿ ਨੀਟ ਪ੍ਰੀਖਿਆ ਪ੍ਰਣਾਲੀ ਵਿੱਚ ਸੁਧਾਰਾਂ ਦੀ ਲੋੜ ਨੂੰ ਹੁਣ ਅਣਡਿੱਠਾ ਨਹੀਂ ਕੀਤਾ ਜਾ ਸਕਦਾ। ਭਾਰਤ ਦੇ ਲੱਖਾਂ ਮੈਡੀਕਲ ਉਮੀਦਵਾਰ ਇੱਕ ਅਜਿਹੀ ਪ੍ਰਣਾਲੀ ਦੀ ਉਮੀਦ ਕਰਦੇ ਹਨ ਜੋ ਉਨ੍ਹਾਂ ਦੀ ਮਿਹਨਤ ਦਾ ਸਹੀ ਮੁਲਾਂਕਣ ਕਰੇ ਅਤੇ ਕਿਸੇ ਵੀ ਤਰ੍ਹਾਂ ਦੀ ਗੜਬੜ ਤੋਂ ਮੁਕਤ ਹੋਵੇ।



SANJHI SOCH
ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ

# "ਇਹ ਛੁੱਟੀਆਂ ਐਵੇਂ ਨਹੀਂ ਗੁਜ਼ਾਰਣੀਆਂ ਕੁਝ ਕਰਕੇ ਦਿਖਾਣਾ ਹੈ, ਕੁਝ ਬਣ ਕੇ ਦਿਖਾਣਾ ਹੈ"

ਤਪਦੀਆਂ ਧੁੱਪਾਂ, ਲੰਮੇ ਦਿਨਾਂ ਅਤੇ ਸੁਖਾਵੀਆਂ ਸ਼ਾਮਾਂ ਨਾਲ ਗਰਮੀਆਂ ਦੀਆਂ ਸਕੂਲੀ ਛੁੱਟੀਆਂ ਹਰ ਵਿਦਿਆਰਥੀ ਦੇ ਜੀਵਨ ਵਿੱਚ ਖੁਸ਼ੀਆਂ, ਆਜ਼ਾਦੀ ਅਤੇ ਨਵੇਂ ਸੁਪਨਿਆਂ ਦੀ ਖੁਸ਼ਬੂ ਭਰ ਦਿੰਦੀਆਂ ਹਨ। ਇਹ ਸਿਰਫ਼ ਕਿਤਾਬਾਂ ਤੋਂ ਕੁਝ ਸਮੇਂ ਲਈ ਦੂਰ ਹੋਣ ਦਾ ਮੌਕਾ ਹੀ ਨਹੀਂ ਹੁੰਦੀਆਂ, ਸਗੋਂ ਆਪਣੇ ਅੰਦਰ ਲੁਕੀਆਂ ਯੋਗਤਾਵਾਂ ਨੂੰ ਪਛਾਨਣ, ਨਵਾਂ ਹੁਨਰ ਸਿੱਖਣ ਅਤੇ ਭਵਿੱਖ ਦੇ ਸੁਨਹਿਰੇ ਸੁਪਨਿਆਂ ਨੂੰ ਸਾਕਾਰ ਕਰਨ ਦਾ ਅਨਮੋਲ ਸਮਾਂ ਵੀ ਹੁੰਦੀਆਂ ਹਨ। ਗਰਮੀਆਂ ਦੀਆਂ ਛੁੱਟੀਆਂ ਉਹ ਖੁੱਲ੍ਹਾ ਆਸਮਾਨ ਹਨ, ਜਿੱਥੇ ਹਰ ਵਿਦਿਆਰਥੀ ਆਪਣੇ ਸੁਪਨਿਆਂ ਨੂੰ ਨਵੀਂ ਉਡਾਣ ਦੇ ਸਕਦਾ ਹੈ।

ਸੋ, ਪਿਆਰੇ ਵਿਦਿਆਰਥੀਓ, ਆਓ ਇਸ ਗੱਲ ਨੂੰ ਸਮਝੀਏ ਕਿ ਗਰਮੀਆਂ ਦੀਆਂ ਛੁੱਟੀਆਂ ਸਿਰਫ਼ ਮੌਜ-ਮਸਤੀ ਅਤੇ ਆਰਾਮ ਦਾ ਹੀ ਸਮਾਂ ਨਹੀਂ ਹੁੰਦੀਆਂ, ਸਗੋਂ ਇਹ ਆਪਣੇ ਸੁਪਨਿਆਂ ਨੂੰ ਨਵੀਂ ਦਿਸ਼ਾ ਦੇਣ ਅਤੇ ਕੈਰੀਅਰ ਨੂੰ ਮਜ਼ਬੂਤ ਬਣਾਉਣ ਦਾ ਸੁਨਹਿਰਾ ਮੌਕਾ ਵੀ ਹੁੰਦੀਆਂ ਹਨ। ਇਸ ਕੀਮਤੀ ਸਮੇਂ ਨੂੰ ਵਿਅਰਥ ਗਵਾਉਣ ਦੀ ਬਜਾਏ ਹਰ ਪਲ ਦਾ ਸਦਪ੍ਰਯੋਗ ਕਰੋ। ਛੁੱਟੀਆਂ ਦਾ ਪੂਰਾ ਲਾਭ ਲੈਂਦੇ ਹੋਏ ਆਪਣੀ ਪੜ੍ਹਾਈ, ਗਿਆਨ, ਹੁਨਰ ਅਤੇ ਸ਼ਖਸੀਅਤ ਦੇ ਵਿਕਾਸ ਵੱਲ ਧਿਆਨ ਦਿਓ, ਤਾਂ ਜੋ ਆਉਣ ਵਾਲਾ ਭਵਿੱਖ ਹੋਰ ਰੌਸ਼ਨ ਅਤੇ ਕਾਮਯਾਬ ਬਣ ਸਕੇ।

ਛੁੱਟੀਆਂ ਦੀ ਸ਼ੁਰੂਆਤ ਆਪਣੇ ਲਈ ਇੱਕ ਸੁੰਦਰ ਅਤੇ ਸੰਤੁਲਿਤ ਸਮਾਂ-ਸਾਰਣੀ ਤਿਆਰ ਕਰਨ ਨਾਲ ਕਰੋ।

ਉਸ ਅਨੁਸਾਰ ਨਿਯਮਿਤ ਤੌਰ 'ਤੇ ਚੱਲਦਿਆਂ ਹਰ ਵਿਸ਼ੇ ਨੂੰ ਯੋਗ ਸਮਾਂ ਦਿਓ, ਅਧਿਆਪਕਾਂ ਵੱਲੋਂ ਦਿੱਤੇ ਗਏ ਹੋਮਵਰਕ ਅਤੇ ਯਾਦ ਕਰਨ ਵਾਲੇ ਕੰਮ ਨੂੰ ਪਹਿਲ ਦੇ ਅਧਾਰ 'ਤੇ ਪੂਰੀ ਲਗਨ ਅਤੇ ਸ਼ਾਨਦਾਰ ਢੰਗ ਨਾਲ ਪੂਰਾ ਕਰੋ। ਪੜ੍ਹਾਈ ਦੇ ਨਾਲ-ਨਾਲ ਖੇਡਾਂ ਅਤੇ ਸਿਹਤ ਨੂੰ ਵੀ ਬਰਾਬਰ ਮਹੱਤਵ ਦਿਓ। ਰੋਜ਼ਾਨਾ ਕੁਝ ਸਮਾਂ ਖੇਡਾਂ, ਯੋਗ ਆਸਣਾਂ ਲਈ ਜ਼ਰੂਰ ਕੱਢੋ। ਆਪਣੀਆਂ ਵੱਡੀਆਂ ਖੇਡਾਂ ਅਤੇ ਵਿਰਾਸਤੀ ਛੋਟੀਆਂ ਖੇਡਾਂ ਨੂੰ ਜੀਵਨ ਦਾ ਹਿੱਸਾ ਬਣਾਕੇ ਨਿਰੰਤਰ ਅਭਿਆਸ ਕਰੋ, ਕਿਉਂਕਿ ਤੰਦਰੁਸਤ ਸਰੀਰ ਵਿੱਚ ਹੀ ਤੰਦਰੁਸਤ ਮਨ ਵੱਸਦਾ ਹੈ। ਜਦੋਂ ਸਰੀਰ ਤੰਦਰੁਸਤ ਰਹੇਗਾ, ਤਾਂ ਪੜ੍ਹਾਈ ਅਤੇ ਖੇਡਾਂ ਦੋਵਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨਾ ਆਸਾਨ ਹੋਵੇਗਾ।

ਗਰਮੀਆਂ ਦੀਆਂ ਛੁੱਟੀਆਂ ਦੌਰਾਨ ਜੇਕਰ ਤੁਸੀਂ ਆਪਣੇ ਸਕੂਲ ਦਾ ਹੋਮਵਰਕ, ਯਾਦ ਕਰਨ ਵਾਲਾ ਕੰਮ ਅਤੇ ਪੜ੍ਹਾਈ ਨਾਲ ਸੰਬੰਧਿਤ ਜ਼ਿੰਮੇਵਾਰੀਆਂ ਸਮੇਂ ਸਿਰ ਪੂਰੀਆਂ ਕਰ ਲੈਂਦੇ ਹੋ, ਤਾਂ ਆਪਣੇ ਦਾਦਕਿਆਂ, ਨਾਨਕਿਆਂ, ਭੂਆ, ਚਾਚੇ-ਤਾਏ ਅਤੇ ਹੋਰ ਰਿਸ਼ਤੇਦਾਰਾਂ ਨੂੰ ਮਿਲਣ ਜਾਣਾ ਵੀ ਜੀਵਨ ਦਾ ਇੱਕ ਸੁੰਦਰ ਅਨੁਭਵ ਬਣ ਸਕਦਾ ਹੈ। ਇਹ ਰਿਸ਼ਤੇ ਸਿਰਫ਼ ਖ਼ੂਨ ਦੇ ਨਹੀਂ ਹੁੰਦੇ, ਸਗੋਂ ਪਿਆਰ, ਸਨੇਹ ਅਤੇ ਸੰਸਕਾਰਾਂ ਦੀ ਮਿੱਠੀ ਡੋਰ ਨਾਲ ਜੁੜੇ ਹੁੰਦੇ ਹਨ।

ਪਰ ਜਦੋਂ ਆਪਣੇ ਰਿਸ਼ਤੇਦਾਰਾਂ ਦੇ ਘਰ ਜਾਓ, ਤਾਂ ਉੱਥੇ ਸਿਰਫ਼ ਮਹਿਮਾਨ ਬਣ ਕੇ ਨਾ ਰਹੋ ਅਤੇ ਨਾ ਹੀ ਉਹਨਾਂ ਉੱਤੇ ਭਾਰ ਬਣੋ। ਘਰ ਦੇ ਛੋਟੇ-ਮੋਟੇ ਕੰਮਾਂ ਵਿੱਚ ਹੱਸਦੇ-ਖੇਡਦੇ ਪੂਰਾ ਸਹਿਯੋਗ ਦਿਓ, ਵੱਡਿਆਂ ਦਾ ਸਤਿਕਾਰ ਕਰੋ ਅਤੇ ਛੋਟਿਆਂ ਨਾਲ ਪਿਆਰ ਸਾਂਝਾ ਕਰੋ। ਤੁਹਾਡਾ ਸਹਿਯੋਗ, ਨਿਮਰਤਾ ਅਤੇ ਚੰਗਾ ਵਿਵਹਾਰ ਉਹਨਾਂ ਦੇ ਦਿਲਾਂ ਵਿੱਚ ਤੁਹਾਡੇ ਲਈ ਵਿਸ਼ੇਸ਼ ਥਾਂ ਬਣਾਵੇਗਾ। ਐਸਾ ਸੁਭਾਉ ਅਪਣਾਓ ਕਿ ਹਰ ਗਰਮੀ ਦੀਆਂ ਛੁੱਟੀਆਂ ਆਉਣ 'ਤੇ ਉਹ ਤੁਹਾਡੇ ਆਉਣ ਦੀ ਬੇਸਬਰੀ ਨਾਲ ਉਡੀਕ ਕਰਨ, ਕਿਉਂਕਿ ਰਿਸ਼ਤਿਆਂ ਦੀ ਅਸਲੀ ਖੂਬਸੂਰਤੀ ਪਿਆਰ, ਸਤਿਕਾਰ ਅਤੇ ਸਹਿਯੋਗ ਨਾਲ ਹੀ ਕਾਇਮ ਰਹਿੰਦੀ ਹੈ।

ਅੱਜ ਦੇ ਤੇਜ਼-ਰਫ਼ਤਾਰ ਯੁੱਗ ਵਿੱਚ ਸੜਕ ਹਾਦਸੇ ਦਿਨੋਂ-ਦਿਨ ਵੱਧ ਰਹੇ ਹਨ, ਜਿਨ੍ਹਾਂ ਦਾ ਇੱਕ ਵੱਡਾ ਕਾਰਨ ਟ੍ਰੈਫਿਕ ਨਿਯਮਾਂ ਬਾਰੇ ਅਣਜਾਣਤਾ ਅਤੇ ਲਾਪਰਵਾਹੀ ਹੈ। ਗਰਮੀਆਂ ਦੀਆਂ ਇਨ੍ਹਾਂ ਛੁੱਟੀਆਂ ਦੌਰਾਨ ਟਰੈਫਿਕ ਨਿਯਮਾਂ ਦੀ ਪੂਰੀ ਜਾਣਕਾਰੀ ਹਾਸਲ ਕਰੋ ਅਤੇ ਸੜਕ 'ਤੇ ਚਲਦਿਆਂ ਉਨ੍ਹਾਂ ਦੀ ਇਮਾਨਦਾਰੀ ਨਾਲ ਪਾਲਣਾ ਕਰੋ। ਸੜਕ ਸੁਰੱਖਿਆ ਸਿਰਫ਼ ਆਪਣੀ ਜ਼ਿੰਮੇਵਾਰੀ ਹੀ ਨਹੀਂ, ਸਗੋਂ ਸਮਾਜ ਪ੍ਰਤੀ ਸਾਡਾ ਫਰਜ਼ ਵੀ ਹੈ। ਟਰੈਫਿਕ ਪੁਲਿਸ ਦਾ ਸਹਿਯੋਗ ਕਰਨਾ, ਸੜਕ ਸੰਕੇਤਾਂ ਨੂੰ ਸਮਝਣਾ ਅਤੇ ਹੋਰਨਾਂ ਨੂੰ ਵੀ ਨਿਯਮਾਂ ਬਾਰੇ ਜਾਗਰੂਕ ਕਰਨਾ ਹਰ ਸਚੇ ਨਾਗਰਿਕ ਦੀ ਪਹਿਚਾਣ ਹੁੰਦੀ ਹੈ। ਜਦੋਂ ਨੌਜਵਾਨ ਪੀੜ੍ਹੀ ਟਰੈਫਿਕ ਨਿਯਮਾਂ ਦੀ ਪਾਲਣਾ ਨੂੰ ਆਪਣੀ ਆਦਤ ਬਣਾ ਲਵੇਗੀ, ਤਾਂ ਅਨੇਕਾਂ ਅਣਸੁਖਾਵੀਆਂ ਘਟਨਾਵਾਂ ਤੋਂ ਬਚਿਆ ਜਾ ਸਕੇਗਾ। ਸੋ ਵਿਦਿਆਰਥੀਓ ਆਉ ਇਨ੍ਹਾਂ ਗਰਮੀਆਂ ਦੀਆਂ ਛੁੱਟੀਆਂ ਦੌਰਾਨ "ਸੁਰੱਖਿਅਤ ਸੜਕ ਸੁਰੱਖਿਅਤ ਜੀਵਨ" ਦਾ ਸੰਦੇਸ਼ ਘਰ-ਘਰ ਤੱਕ ਪਹੁੰਚਾਈਏ ਅਤੇ ਇੱਕ ਜਾਗਰੂਕ ਤੇ ਜ਼ਿੰਮੇਵਾਰ ਸਮਾਜ ਦੀ ਸਿਰਜਣਾ ਵਿੱਚ ਆਪਣਾ ਯੋਗਦਾਨ ਪਾਈਏ

ਆਓ, ਇਸ ਵਾਰ ਛੁੱਟੀਆਂ ਨੂੰ ਸਿਰਫ਼ ਮੌਜ-ਮਸਤੀ ਤੱਕ ਸੀਮਿਤ ਨਾ ਰੱਖੀਏ। ਆਪਣੇ ਆਪ ਨਾਲ ਇੱਕ ਵਾਅਦਾ ਕਰੀਏ ਕਿ ਇਹ ਗਰਮੀਆਂ ਕੁਝ ਨਵਾਂ ਸਿੱਖਣ, ਕੁਝ ਚੰਗਾ ਕਰਨ ਅਤੇ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਸਮਰਪਿਤ ਹੋਣਗੀਆਂ। ਸਮਾਂ ਕੀਮਤੀ ਹੈ; ਇਸਨੂੰ ਵਿਅਰਥ ਨਾ ਗੁਜ਼ਾਰੋ। ਇਹ ਗਰਮੀਆਂ ਐਵੇਂ ਨਹੀਂ ਗੁਜ਼ਾਰ ਦੇਣੀਆਂ ਕੁਝ ਕਰਕੇ ਦਿਖਾਣਾ ਹੈ, ਕੁਝ ਬਣ ਕੇ ਦਿਖਾਣਾ ਹੈ।



SANJHI SOCH
ਰਾਜਿੰਦਰ ਸਿੰਘ 'ਰਾਜਨ'
ਪਠਾਨਕੋਟ
9417427656

LARRY T. NIERMEYER



Attorney at Law

OFFERING SERVICES IN THE FOLLOWING AREAS






1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation

PHONE: (209) 574-9447

1420 F STREET ST_ 2ND FLOOR MODESTO, CA 95354

Email : ltniermeyer@aol.com


Pal Films Production
All Your Photo/Videography & Post Production needs Under One Roof
RED PRO 5.0
RED
PF
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com


web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਰਾਜਿੰਦਰ ਟਾਂਡਾ
ਅੱਜ ਹੀ ਕਾਲ ਕਰੋ :
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330


ਕਈ ਵੀਰਾਂ ਦੇ
LICENSE CANCEL
ਹੋ ਰਹੇ ਹਨ ਤੇ ਹੁਣ
ਉਹ ਆਪਣਾ ਟਰੱਕ ਵੀ ਨਹੀਂ
ਚਲਾ ਸਕਦੇ।
ਕਿਉਂਕਿ DMV ਕਈ ਲੋਕਾਂ ਦੇ CDL License Cancel ਕਰ ਰਿਹਾ
ਖਾਸ ਕਰਕੇ ਉਹਨਾਂ ਦੇ ਜਿਨ੍ਹਾਂ ਕੋਲ
Green Card ਨਹੀਂ ਹੈ | I-485 Application ਅਜੇ Pending ਹੈ।
Ghuman Law Group ਤੁਹਾਡੇ ਨਾਲ ਹੈ
ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ :
Green Card Case ਨੂੰ ਜਲਦੀ ਹੱਲ ਕਰਨ ਵਿੱਚ
CDL ਅਤੇ ਕੰਮ ਨੂੰ ਬਚਾਉਣ ਲਈ Legal Guidance
Deportation ਜਾਂ Immigration Detention Cases ਵਿੱਚ Legal Advice
Appeals ਅਤੇ Immigration Process ਵਿੱਚ ਸਹਾਇਤਾ
Estate Planning ਰਾਹੀਂ Property ਅਤੇ Assets ਨੂੰ safe ਕਰਨ ਵਿੱਚ ਮਦਦ
ਤੁਹਾਡੇ ਪਰਿਵਾਰ ਦੇ ਭਵਿੱਖ ਨੂੰ Secure ਬਣਾਉਣ ਵਿੱਚ ਸਹਾਇਤਾ
GLG
GHUMAN LAW GROUP
GHUMAN LAW GROUP INC.
Criminal Defense, Family and Immigration Law
Deportation ਜਾਂ Immigration Process ਦੇ ਦੌਰਾਨ ਘਰ, ਨੌਕਰੀ, ਜਾਇਦਾਦ ਤੇ ਮਿਹਨਤ ਦੀ ਕਮਾਈ ਤਕ ਖਤਰੇ ਵਿੱਚ ਪੈ ਸਕਦੇ ਹਨ
ਹੁਣੇ ਸੰਪਰਕ ਕਰੋ : (228) 200-0001 (ਮੁਫ਼ਤ ਸਲਾਹ ਵੀ ਉਪਲਬਧ ਹੈ)
Ghuman Law Group ਤੁਹਾਡੇ ਹੱਕਾਂ ਦੀ ਮਜ਼ਬੂਤ ਆਵਾਜ਼ | ਤੁਹਾਡਾ Legal Partner


Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ।
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307

# RESIDENTIAL, COMMERCIAL AND SOLAR FARMS

**with Singhsloar High performance Bifacial Smart Panels**

ਅਮਰੀਕਾ ਦੇ ਕਿਸੇ ਵੀ ਹਿੱਸੇ ਆਪਣੇ ਘਰ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ



100% CUSTOMER SATISFACTION GUARANTEED

SINGH SOLAR

## ਬਿਜਲੀ ਦੇ ਬਿੱਲ ਤੋਂ ਹਮੇਸ਼ਾ ਲਈ ਛੁਟਕਾਰਾ

**ਸਿਰ.ਫ ਇਕ ਕਾਲ - ਵੱਡੀ ਬੱਚਤ**

# 510-706-1300

singhsolarusa@gmail.com


WE HAVE THE CHEAPEST FARES TO INDIA
LEGEND TRAVEL
arc
accredited agency
CST # 207524-40
Special Fares To India From West-coast (us) On Air India Direct Flights
AIR INDIA
JATINDER SINGH
LOWEST AIRFARES FROM USA TO INDIA
★Travel Insurance ★ Great last Minute Deals ★ Offices in India
ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।
CALL US
(510) 797-9010
USA OFFICE: 2450 PERALTA BLVD., STE 106-108,
FREMONT CA 94536 PH.: 510-797-9010
Website: www.legendamerica.net
Emirates
CATHAY PACIFIC
ASIANA AIRLINES
JET AIRWAYS
CHINA AIRLINES
BRITISH AIRWAYS
SINGAPORE AIRLINES
Lufthansa
ANA

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੋਮਿਓਪੈਥਿਕ ਕਨਸਲਟੈਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday Friday in Punjabi.

## HOMEOPATHIC NATURAL MEDICINES

### When Tired of All Treatments, For any Disease, at any Age Try Alternative Treatment

**Safe and Effective Medicines without any Side Effects**



**GURDIP S SANDHU**




**Consultant/Physician Since 1973**
**DHMS-Gold Medalist, BAMS, MDEH**
**Ex-Prof, Principal & CMO Medical Colleges/Hospitals in India**

**(408) 687-1899 (925) 587-1148**

## Homeopathic Medicine and Notary Consultancy

9701 SARA ANN CT DUBLIN, CA 94568

**PRACTICE UNDER PROVISION OF ACT SB_577 STATE OF CA**

# JK TYRE INC

JKTYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600

With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-

With Installation
Singh: 510-766-9382

**Firestone FS591**

SPECIAL OFFER !!

STEER TIRE
295/75R22.5

With Installation
Singh: 510-766-9382



11R22.5

With Installation
Singh: 510-766-9382

**Sizes available in drive & trailer**
295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-

With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-

With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-

With Installation
Singh: 510-766-9382



FALKEN TIRES | GOODYEAR | KELLY TIRES | BARKLEY Feel the difference | PIRELLI
MICHELIN A better way forward | BRIDGESTONE | Firestone | YOKOHAMA
PEARLY | NAMA | TOYO TIRES driven to perform | Continental | DUNLOP TIRES

# S. Singh Cell: (510) 766-9382

2955 N. Wilson Way Stockton , CA 95205